# 19 ਕਲਮਾਂ 72 ਰੰਗ

## (ਇੱਕ ਸਾਹਿਤਕ ਗੁਲਦਸਤਾ)

**ਸੰਪਾਦਕ ਦੀ ਕਲਮ ਤੋਂ :**

1. ਵਰਦੀ ਦਾ ਮੁੱਲ (ਕਹਾਣੀ-ਸੰਗ੍ਰਹਿ)
2. ਮੈਂ ਜਾਨਿਆ ਦੁਖ ਮੁਝ ਕੋ (ਸਵੈ-ਬਿਰਤਾਂਤ)
3. ਬਦਲੇ ਰੰਗ ਪੰਜਾਬ ਦੇ (ਵਾਰਤਿਕ)
4. ਮੇਰਾ ਪਿੰਡ ਤੇ ਮੇਰੇ ਲੋਕ (ਵਾਰਤਿਕ)
5. ਦਲਦਲ (ਕਹਾਣੀ-ਸੰਗ੍ਰਹਿ)

ਨੋਟ : ਹਰ ਲੇਖਕ ਆਪਣੀ ਰਚਨਾ ਦੀ ਮੌਲਿਕਤਾ ਸਬੰਧੀ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਪਾਦਕੀ ਮੰਡਲ ਜਾਂ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ (ਰਜਿ:) ਤਰਨਤਾਰਨ ਇਸ ਦੀ ਜ਼ਿੰਮੇਵਾਰੀ ਨਹੀਂ ਲੈਂਦਾ।

# 19 ਕਲਮਾਂ 72 ਰੰਗ

## (ਇੱਕ ਸਾਹਿਤਕ ਗੁਲਦਸਤਾ)

## (ਸਾਂਝਾ ਸਾਹਿਤਕ ਸੰਗ੍ਰਹਿ-ਕਵਿਤਾਵਾਂ, ਗੀਤ, ਗ਼ਜ਼ਲਾਂ ਤੇ ਮਿੰਨੀ ਕਹਾਣੀਆਂ)

**ਸੰਪਾਦਕ :**
**ਜਸਵਿੰਦਰ ਸਿੰਘ 'ਮਾਣੋਚਾਹਲ'**

**ਸਹਿ-ਸੰਪਾਦਕ :**
**ਜਸਵਿੰਦਰ ਸਿੰਘ ਢਿੱਲੋਂ**
**ਅਵਤਾਰ ਸਿੰਘ ਗੋਇੰਦਵਾਲ਼ੀਆ, ਬਲਬੀਰ ਸਿੰਘ ਬੇਲੀ**

**ਪੇਸ਼ਕਸ਼ :**
ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ,
ਤਰਨਤਾਰਨ (ਰਜਿ:)

**ਆਜ਼ਾਦ ਬੁੱਕ ਡੀਪੂ**
ਅੰਮ੍ਰਿਤਸਰ।

# 19 Kalman 72 Rang

***Editor : Jaswinder Singh Manochahal***
Park Avenue, Near Sheller
Hari Ram, Chabal Road, Tarn-Taran
Mobile No. 9463613035
E-mail : jmanochahal54@gmail.com

Co-editor :
Jaswinder Singh Dhillon, Balbir Singh Beli, Avtar Singh Goindwal

**ਸਭ ਹੱਕ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ (ਰਜਿ:) ਤਰਨ-ਤਾਰਨ ਦੇ ਰਾਖਵੇਂ ਹਨ।**

**© Azad Book Depot**
All rights reserved.
No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

Edition : 2025 ISBN : 978-93-48666-76-5

**Price :**

***Published by :***
## Azad Book Depot
**Hall Bazar, Amritsar**
**0183-2292513, 94631-70369, 9356292513**
**E-mail : KD_Singh180@hotmail.com**

**Printed in India by : Prince Art, Asr.**

## ਸਮਰਪਿਤ :

**ਪੰਜਾਬੀ ਮਾਂ-ਬੋਲੀ ਦੇ ਬਹੁ-ਪੱਖੀ ਲੇਖਕ**
**ਸਵਰਗ-ਵਾਸੀ ਸ੍ਰ. ਮਨਮੋਹਨ ਸਿੰਘ ਬਾਸਰਕੇ**
**ਦੀ ਨਿੱਘੀ ਮਿੱਠੀ ਯਾਦ ਅਤੇ ਉਹਨਾਂ ਵੱਲੋਂ ਪੰਜਾਬੀ ਬੋਲੀ,**
**ਸਾਹਿਤ, ਸੱਭਿਆਚਾਰ ਅਤੇ ਸਮਾਜ ਪ੍ਰਤੀ ਨਿਭਾਈਆਂ ਗਈਆਂ**
**ਸ਼ਲਾਘਾ-ਯੋਗ ਸੇਵਾਵਾਂ ਨੂੰ ਸਮਰਪਿਤ ਸਾਹਿਤਕ ਉਪਰਾਲਾ**

# ਤਰਤੀਬ


| | | |
|---|---|---|
| 0.1 | ਸਾਹਿਤਕ ਗੁਲਦਸਤੇ ਦੀ ਕੀ ਲੋੜ? | 10 |
| 1. | ਬਲਬੀਰ ਸਿੰਘ ਭੈਲ਼ | 13 |
| | ੳ) ਲਾਚਾਰੀ | 14 |
| | ਅ) ਭਰੂਣ ਦਾ ਮਾਂ ਨੂੰ ਸੰਦੇਸ਼ | 15 |
| | ੲ) ਬੇ-ਰੁਜ਼ਗਾਰੀ | 16 |
| | ਸ) ਚੀਸ | 17 |
| 2. | ਗੁਲਜ਼ਾਰ ਸਿੰਘ ਖੇੜਾ | 19 |
| | ੳ) ਸਾਕਾ ਨਨਕਾਣਾ | 20 |
| | ਅ) ਵਾਰ | 21 |
| | ੲ) ਤੇਗ ਬਹਾਦਰ ਸਿਮਰੀਐ | 22 |
| 3. | ਵਜ਼ੀਰ ਸਿੰਘ ਰੰਧਾਵਾ | 23 |
| | ੳ) ਮਿੰਨ੍ਹੀ ਕਹਾਣੀ – ਕਰਵਟ | 24 |
| | ਅ) ਮਿੰਨ੍ਹੀ ਕਹਾਣੀ-ਬਣਾਉਟੀ ਆਲ੍ਹਣੇ | 26 |
| 4. | ਜਸਵਿੰਦਰ ਸਿੰਘ 'ਮਾਣੋਚਾਹਲ' | 27 |
| | ੳ) ਬਾਬਾ ਨਾਨਕਾ ਤੇਰੇ ਅਵਤਾਰ ਦਿਨ ਤੇ | 31 |
| | ਅ) ਗੁਰੂ ਗੋਬਿੰਦ ਸਿੰਘ ਜੀ | 31 |
| | ੲ) ਭੰਗ ਦੇ ਭਾੜੇ | 32 |
| | ਸ) ਲੋਹੜੀ ਦੇ ਨਾਂ | 34 |
| | ਹ) ਕਿਰਤੀ ਕਾਮੇ ਦੀ ਲਲਕਾਰ | 34 |
| 5. | ਦੀਦਾਰ ਸਿੰਘ ਢਿੱਲੋਂ | 36 |
| | ੳ) ਚੋਣਾਂ ਦਾ ਦ੍ਰਿਸ਼ | 38 |
| | ਅ) ਛਬੀਲ | 38 |
| | ੲ) ਸ਼ਰਾਧ | 39 |
| | ਸ) ਕੀ ਫ਼ਾਇਦਾ | 39 |
| | ਹ) ਨਾਨਕ ਦਾ ਸਿੱਖ | 40 |

6. ਗੁਰਮੀਤ ਸਿੰਘ ਨੂਰਦੀ 41
ੳ) ਫ਼ਰਿਆਦ 42
ਅ) ਮਾਂ 43
ੲ) ਸਿਦਕ 43
7. ਜਸਵਿੰਦਰ ਸਿੰਘ ਢਿੱਲੋਂ 45
ੳ) ਤੂੰ ਮਾਣ ਨਿਮਾਣਿਆਂ ਦਾ (ਦੋਤਾਰਾ) 47
ਅ) ਰਲ਼ ਮਿਲ਼ ਸਾਰੇ ਬੱਚੇ (ਕੋਰੜਾ) 48
ੲ) ਗ਼ਜ਼ਲ – ਸਭ ਦਾ ਮਾਲਕ 50
ਸ) ਮਾਂ ਜੈਸਾ ਹਮਦਰਦ ਨ ਕੋਈ 50
ਹ) ਗ਼ਜ਼ਲ – ਨਣਦਾਂ ਤੇ ਭਰਜਾਈਆਂ 52
8. ਮਨਮੋਹਨ ਸਿੰਘ ਬਾਸਰਕੇ 53
ੳ) ਜੀਅ ਕਰਦਾ 55
ਅ) ਬਾਲਗੀਤ – ਪਿੰਡ ਦਾ ਨਾਂ 56
ੲ) ਅੰਮ੍ਰਿਤਸਰ ਸ਼ਕਤੀ ਦਾ ਘਰ 56
ਸ) ਤੰਦਰੁਸਤੀ ਦੀਆਂ ਦਾਤਾਂ 57
9. ਅਵਤਾਰ ਸਿੰਘ ਗੋਇੰਦਵਾਲ਼ੀਆ 58
ੳ) ਕਾਲ ਬਜ਼ੁਰਗਾਂ ਦਾ 59
ਅ) ਮਾਪੇ ਮਜਬੂਰ ਹੋ ਗਏ 60
ੲ) ਸਾਂਝਾਂ ਮੁੱਕੀਆਂ 62
ਸ) ਜੋ ਪੁੱਤ ਕਿਸੇ ਦੇ ਮਾਰੇ 63
10. ਬਲਬੀਰ ਸਿੰਘ ਬੇਲੀ 65
ੳ) ਗੀਤ – ਪੁੱਤਾ ਮੈਨੂੰ ਲੋਕ ਆਖਦੇ 66
ਅ) ਗੀਤ – ਜੁਗਨੀ 67
ੲ) ਮਾਪਿਆਂ ਦੇ ਕੋਲੋਂ ਪੁੱਛੋ 68
ਸ) ਵੇਖ ਕੰਧ ਉੱਤੇ ਤਸਵੀਰ 69
ਹ) ਗੀਤ – ਭਲੇ ਦਾ ਜ਼ਮਾਨਾ ਨਾ 70
11. ਇੰਦਰਜੀਤ ਮਰਾਹਣਾ 72
ੳ) ਵਕਤ ਗੁਜ਼ਰਦਾ ਜਾਂਦਾ 73
ਅ) ਧਰਮ 74
ੲ) ਤੇਰੇ ਹੱਕਾਂ ਦੀ ਲੁੱਟ 75

| | | |
|---|---|---|
| | ਸ) ਪੰਜਾਬੀ ਬੋਲੀ | 76 |
| 12. | ਜਸਬੀਰ ਸਿੰਘ ਝਬਾਲ | 77 |
| | ੳ) ਮਿੰਨ੍ਹੀ ਕਹਾਣੀ – ਰੂਹ ਦੀ ਖ਼ੁਰਾਕ | 79 |
| | ਅ) ਮਿੰਨ੍ਹੀ ਕਹਾਣੀ –ਸੁਪਨਾ | 80 |
| 13. | ਹਰਭਜਨ ਸਿੰਘ ਭਗਰੱਥ | 83 |
| | ੳ) ਮਾਨਵਤਾ ਦਾ ਵਿਨਾਸ਼ | 84 |
| | ਅ) ਐ ਜ਼ਿੰਦਗੀ | 85 |
| | ੲ) ਤਸਬੀ ਦੇ ਮਣਕੇ | 86 |
| | ਸ) ਐ ਲਹਿਰ | 87 |
| 14. | ਗੁਰਜਿੰਦਰ ਸਿੰਘ ਬਘਿਆੜੀ | 89 |
| | ੳ) ਏਧਰ ਓਧਰ | 90 |
| 15. | ਸੁਖਦੇਵ ਸਿੰਘ ਸਾਬੀ | 92 |
| | ੳ) ਪੈੜਾਂ ਦਾ ਸਫ਼ਰ | 93 |
| | ਅ) ਗੀਤ – ਫੁੱਲਾਂ ਨਾਲ਼ ਫੁਲਕਾਰੀ | 93 |
| | ੲ) ਆਪਣੇ ਦਿਲ ਵਿਚ | 94 |
| 16. | ਅਮਨ ‘ਚਾਹਲ’ | 95 |
| | ੳ) ਆਓ ਹਰਫ਼ੋ | 96 |
| | ਅ) ਕਰਜ਼ | 97 |
| | ੲ) ਮੈਂ ਜੋ ਤਾਰੇ ਗਿਣ | 98 |
| | ਸ) ਬਾਪੂ ਤੇਰੀਆਂ ਧੰਨ ਕਮਾਈਆਂ | 99 |
| | ਹ) ਤਹਾਨੂੰ ਕੋਈ ਫ਼ਰਕ ਨਹੀਂ | 99 |
| 17. | ਜਸਵਿੰਦਰ ਸਿੰਘ ਝਬਾਲ | 101 |
| | ੳ) ਅੱਖਰ ਪੰਜਾਬੀ ਦੇ | 102 |
| | ਅ) ਗ਼ਜ਼ਲ – ਕਦੇ ਖ਼ੁਦਾ ਲਿਖਿਆ | 103 |
| | ੲ) ਅਜ਼ਾਦ ਭਾਰਤ | 104 |
| | ਸ) ਭਾਲ਼ | 105 |
| 18. | ਹਰਕੀਰਤ ਸਿੰਘ ‘ਕੀਰਤ’ | 107 |
| | ੳ) ਇਸ ਦਿਵਾਲ਼ੀ | 108 |
| | ਅ) ਇਸ ਵੈਸਾਖੀ | 109 |
| | ੲ) ਕਰਵਾ | 110 |

| | | |
|---|---|---|
| | ਸ) ਕੁਰਸੀ ਦੇ ਲਾਲਚੀ | 111 |
| 19. | ਪ੍ਰਭਜੀਤ ‘ਚਾਹਲ’ | 113 |
| | ੳ) ਮਿਹਨਤ, ਮੁਹੱਬਤ, ਮਾਪੇ | 114 |
| | ਅ) ਤਾਇਆ | 115 |
| | ੲ) ਅੰਨਦਾਤਾ | 115 |
| | ਸ) ਜ਼ਿੰਦਗੀ | 115 |
| | ਹ) ਯਾਦ ਪੰਜਾਬ ਦੇਸ਼ ਦੀ | 117 |

# ਸਾਹਿਤਕ ਫੁੱਲਾਂ ਦੇ ਇਸ ਗੁਲਦਸਤੇ ਦੀ ਕੀ ਲੋੜ ਸੀ?

ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਸੰਪਾਦਕਾਂ ਨੂੰ ਇਹ ਭਿੰਨ ਭਿੰਨ ਰੰਗਾਂ ਦੇ ਸਾਹਿਤਕ ਫੁੱਲਾਂ ਦਾ ਗੁਲਦਸਤਾ ਸਜਾਉਣ ਦੀ ਕੀ ਲੋੜ ਸੀ ਜਦ ਕਿ ਕੁਝ ਲੇਖਕਾਂ ਨੇ ਆਪੋ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਪਹਿਲਾਂ ਹੀ ਦਿੱਤਾ ਹੋਇਆ ਹੈ। ਉਹਨਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਸਬੀਰ ਝਬਾਲ ਦੀ ਪ੍ਰੇਰਨਾ ਨਾਲ਼ 2013 ਵਿੱਚ ਲਿਖਣਾ ਸ਼ੁਰੂ ਕੀਤਾ ਸੀ। ਕਦੇ ਕੋਈ ਕਵਿਤਾ, ਕਦੇ ਕੋਈ ਕਹਾਣੀ ਤੇ ਕਦੇ ਚਲੰਤ ਵਿਸ਼ਿਆਂ ਤੇ ਨਿਬੰਧ ਲਿਖ ਕੇ ਦੇਸ਼ ਸੇਵਕ ਅਖ਼ਬਾਰ ਜਾਂ ਸਤਰੰਗੀ ਸਾਹਿਤਕ ਮੈਗਜ਼ੀਨ ਵਿੱਚ ਛਪਣ ਲਈ ਭੇਜਦਾ ਰਿਹਾ ਹਾਂ। ਹੁਣ ਤਾ ਚਾਰ-ਪੰਜ ਕਿਤਾਬਾਂ ਵੀ ਛਪ ਚੁੱਕੀਆਂ ਹਨ। ਮੈਂ ਮਹਿਸੂਸ ਕੀਤਾ ਹੈ ਕਿ ਜਦੋਂ ਕੋਈ ਲੇਖਕ ਕੋਈ ਸਾਹਿਤਕ ਰਚਨਾ ਦੀ ਸਿਰਜਨਾ ਕਰਦਾ ਹੈ ਤਾਂ ਉਹਨੂੰ ਘੱਟ ਜਾਂ ਵੱਧ ਉਸ ਅਵਸਥਾ ਵਿੱਚੋਂ ਗੁਜ਼ਰਨਾ ਪੈਂਦਾ ਹੈ ਜਿਹੜੀ ਅਵਸਥਾ ਚੋਂ  ਇੱਕ ਮਾਂ ਬੱਚਾ ਜੰਮਣ ਤੋਂ ਪਹਿਲਾਂ ਪ੍ਰਸੂਤਾ-ਪੀੜਾਂ ਸਮੇਂ ਗੁਜ਼ਰਦੀ ਹੈ। ਪਰ ਜਿਵੇਂ ਮਾਂ ਨੂੰ ਅਸਲ ਖ਼ੁਸ਼ੀ ਬੱਚਾ ਪੈਦਾ ਹੋਣ ਤੋਂ ਬਾਅਦ ਬੱਚੇ ਨੂੰ ਵੇਖਣ ਤੋਂ ਬਾਅਦ ਹੀ ਹੁੰਦੀ ਹੈ ਇਵੇਂ ਹੀ ਲੇਖਕ ਨੂੰ ਵੀ ਅਸਲ ਖ਼ੁਸ਼ੀ ਉਦੋਂ ਹੀ ਹੁੰਦੀ ਹੈ ਜਦੋਂ ਉਹਦੀ ਕੋਈ ਸਾਹਿਤਕ ਕਿਰਤ ਕਿਸੇ ਅਖ਼ਬਾਰ, ਕਿਤਾਬ ਜਾਂ ਕਿਸੇ ਪਰਚੇ ਵਿੱਚ ਛਪਦੀ ਹੈ। ਭਾਵੇਂ ਇਹ ਖ਼ੁਸ਼ੀ ਥੋੜ੍ਹਚਿਰੀ ਹੀ ਹੁੰਦੀ ਹੈ ਪਰ ਫਿਰ ਵੀ ਇਹ ਲੇਖਕ ਦੇ ਮਨ ਨੂੰ ਸਕੂਨ ਦੇਂਦੀ ਹੈ ਤੇ ਉਹਦੇ ਲਈ ਪ੍ਰੇਰਨਾ-ਸ੍ਰੋਤ ਵੀ ਬਣਦੀ ਹੈ।

2013 ਤੋਂ ਹੀ ਮੈਂ ਸਾਹਿਤਕ ਸਰਗਰਮੀਆਂ ਵਿੱਚ ਭਾਗ ਲੈ ਰਿਹਾ ਹਾਂ। ਮੈਂ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨਤਾਰਨ ਦਾ ਮੈਂਬਰ ਹੋਣ ਕਰਕੇ ਅਕਸਰ ਕੇਂਦਰ ਵੱਲੋਂ ਕਰਵਾਏ ਜਾਂਦੇ ਸਾਹਿਤਕ ਸਮਾਗਮਾਂ ਵਿੱਚ ਹਾਜ਼ਰੀ ਭਰਦਾ ਹਾਂ। ਵੇਖਦਾ ਹਾਂ ਕਿ ਇਹਨਾਂ ਸਮਾਗਮਾਂ ਜਾਂ ਕਵੀ-ਦਰਬਾਰਾਂ ਵਿੱਚ ਨਵੇਂ ਨਵੇਂ ਲੇਖਕ ਜਾਂ ਕਵੀ ਭਿੰਨ ਭਿੰਨ ਵਿਸ਼ਿਆਂ ਤੇ ਬਹੁਤ ਸਿੱਖਿਆਦਾਇਕ, ਰੌਚਕ ਅਤੇ ਮਨੋਰੰਜਨ-ਭਰਪੂਰ ਕਵਿਤਾਵਾਂ, ਕਵੀਸ਼ਰੀ-ਛੰਦ ਤੇ ਗੀਤ ਲੈ ਕੇ ਹਾਜ਼ਰ ਹੁੰਦੇ ਹਨ। ਕਈਆਂ ਦੀ ਤਾਂ ਆਵਾਜ਼ ਏਨੀ ਸੁਰੀਲੀ, ਸੰਗੀਤਮਈ ਤੇ ਬੁਲੰਦ ਹੁੰਦੀ ਹੈ ਕਿ ਜੀਅ ਕਰਦਾ ਹੈ ਕਿ ਉਹਨਾਂ ਤੋਂ ਇੱਕ ਹੋਰ ਗੀਤ ਜਾਂ ਕਵਿਤਾ ਸੁਣੀ ਜਾਵੇ। ਮਨ 'ਚ ਖ਼ਿਆਲ ਆਇਆ ਕਿ ਇਹਨਾਂ ਸਾਰਿਆਂ ਦੀਆਂ ਰਚਨਾਵਾਂ ਨੂੰ ਪਾਠਕਾਂ ਕੋਲ਼ ਜਾਣ ਦਾ ਮੌਕਾ ਵੀ ਮਿਲਣਾ ਚਾਹੀਦਾ ਹੈ ਕਿਉਂਕਿ

ਅਤਿ ਦੀ ਮਹਿੰਗਾਈ ਕਾਰਨ ਜਦੋਂ ਲੋਕਾਂ ਦੀ ਦਾਲ-ਰੋਟੀ ਹੀ ਮਸ੍ਹਾਂ ਪੂਰੀ ਹੋ ਰਹੀ ਹੈ ਤਾਂ ਸਾਰੇ ਪੁਸਤਕ-ਛਪਵਾਈ ਵਾਲ਼ਾ ਮਹਿੰਗਾ ਸੌਦਾ ਨਹੀਂ ਖ਼ਰੀਦ ਸਕਦੇ। ਇਸ ਕਾਰਨ ਮੈਂ ਮਹਿਸੂਸ ਕੀਤਾ ਕਿ ਮਾਂ-ਬੋਲੀ ਦੇ ਇਹਨਾਂ ਅਲੰਬਰਦਾਰਾਂ ਦੀ ਜੀਵਨ ਝਲਕ ਸਮੇਤ ਇਹਨਾਂ ਦੀਆਂ ਦੋ-ਚਾਰ ਰਚਨਾਵਾਂ ਸ਼ਾਮਲ ਕਰਕੇ ਸਾਂਝੇ ਸੰਗ੍ਰਹਿ ਰਾਹੀਂ ਪੰਜਾਬੀ ਪਾਠਕਾਂ ਤੱਕ ਪਹੁੰਚਾਉਣੀਆਂ ਚਾਹੀਦੀਆਂ ਹਨ ਅਤੇ ਇਸ ਸਾਂਝੇ ਸੰਪਾਦਨ ਦਾ ਖ਼ਰਚ ਕਿਸੇ ਇੱਕ ਬੰਦੇ ਤੇ ਪਾਉਣ ਦੀ ਥਾਂ ਸ਼ਾਮਲ ਲੇਖਕਾਂ ਵਿੱਚ (ਸਮਾਜਵਾਦੀ ਢੰਗ ਨਾਲ਼) ਵੰਡਿਆ ਜਾ ਸਕਦਾ ਹੈ।

ਜ਼ਿਕਰ ਕਰਨਾ ਬਣਦਾ ਹੈ ਕਿ ਇਸ ਵਿਸ਼ੇ ਤੇ ਡਾ: ਜੋਗਿੰਦਰ ਸਿੰਘ ਕੈਰੋਂ, ਸ੍ਰ. ਜੋਗਿੰਦਰ ਸਿੰਘ ਫੁੱਲ ਅਤੇ ਡਾ. ਰਵਿੰਦਰ ਵੱਲੋਂ ਬੜੀ ਮਿਹਨਤ ਨਾਲ਼ 'ਮਾਝੇ ਦੇ ਮੋਤੀ', 'ਮਾਲਵੇ ਦੇ ਮੋਤੀ ਅਤੇ ਦੁਆਬੇ ਦੇ ਮੋਤੀ' ਤਿੰਨ ਪੁਸਤਕਾਂ ਲਿਖ ਕੇ ਲਾਸਾਨੀ ਕੰਮ ਕੀਤਾ ਹੈ। ਉਹਨਾਂ ਤੋਂ ਵੱਡੀ ਤਾਂ ਕੀ, ਉਹਨਾਂ ਦੇ ਬਰਾਬਰ ਲੀਕ ਖਿੱਚਣ ਦੀ ਹਿਮਾਕਤ ਵੀ ਮੈਂ ਨਹੀਂ ਕਰ ਸਕਦਾ। ਪਰ ਮੈਂ ਓਹਨਾਂ ਤੋਂ ਬਹੁਤ ਛੋਟਾ ਤਜਰਬਾ ਆਪਣੇ ਢੰਗ ਨਾਲ਼ ਕਰਨ ਦਾ ਪਲਾਨ ਬਣਾਇਆ ਹੈ ਜਿਸ ਨੂੰ ਸਿਰੇ ਚਾੜ੍ਹਨ ਲਈ ਆਪਣੇ ਜ਼ਿਲ੍ਹੇ ਦੇ ਪੰਜਾਬੀ ਪਿਆਰਿਆਂ ਨਾਲ਼ ਤਾਲਮੇਲ ਕੀਤਾ ਹੈ। ਜਿਹਨਾਂ ਨੇ ਖ਼ੁਸ਼ੀ-ਖ਼ੁਸ਼ੀ ਮੇਰੀ ਤਜਵੀਜ਼ ਨੂੰ ਪ੍ਰਵਾਨ ਕਰਦੇ ਹੋਏ ਹਰ ਤਰ੍ਹਾਂ ਸਹਿਯੋਗ ਦਿੱਤਾ ਹੈ, ਮੈਂ ਉਹਨਾਂ ਦਾ ਤਹਿ-ਦਿਲੋਂ ਧੰਨਵਾਦੀ ਹਾਂ। ਜਿੰਨਾ ਕੁ ਹੁੰਗਾਰਾ ਮਿਲਿਆ ਹੈ, ਉਹ ਇਸ ਸਾਹਿਤਕ ਗੁਲਦਸਤੇ ਦੇ ਰੂਪ ਵਿੱਚ ਤੁਹਾਡੇ ਰੂ-ਬ-ਰੂ ਹੈ, ਚੰਗਾ ਲੱਗੇ ਤਾਂ ਫ਼ੀਡ ਬੈਕ ਦੇਣਾ। ਹਾਂ-ਪੱਖੀ ਹੁੰਗਾਰੇ ਦੀ ਉਡੀਕ ਵਿਚ,

ਤੁਹਾਡਾ ਆਪਣਾ,
**ਜਸਵਿੰਦਰ ਸਿੰਘ 'ਮਾਣੋਚਾਹਲ'**
ਮੋ. ਨੰ. 9463613035

# ਗੱਲਾਂ 'ਚੋਂ ਗੱਲ ਕੱਢਣ ਵਾਲ਼ਾ ਸ੍ਰ. ਬਲਬੀਰ ਸਿੰਘ ਭੈਲ਼

**# 9779457426**



ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਤਰਨ-ਤਾਰਨ ਦੇ ਸਰਪ੍ਰਸਤ ਸਾ ਬਲਬੀਰ ਸਿੰਘ ਭੈਲ਼ ਨੂੰ ਕਦੇ ਤੁਸੀਂ ਸਟੇਜ ਤੋਂ ਬੋਲਦੇ ਸੁਣਿਆ ਹੋਵੇਗਾ। ਕਿਸੇ ਵੀ ਵਿਸ਼ੇ ਤੇ ਉਹਨਾਂ ਨੂੰ ਬੋਲਣ ਲਈ ਜੇ ਸਟੇਜ ਸੈਕਟਰੀ ਪੰਜ ਮਿੰਟ ਦੇਵੇਗਾ ਤਾਂ ਗੱਲਾਂ 'ਚੋਂ ਗੱਲ ਕੱਢਦਿਆਂ ਉਹ ਪੈਂਤੀ ਮਿੰਟ ਅਸਾਨੀ ਨਾਲ ਹੀ ਬੋਲ ਜਾਵੇਗਾ । ਉਹ ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਤਰਨ-ਤਾਰਨ ਦਾ ਮੁਢਲਾ ਸੰਸਥਾਪਕ ਹੈ। ਉਹ ਕਈ ਸਾਲ ਇਸ ਸਭਾ ਦਾ ਪ੍ਰਧਾਨ ਰਿਹਾ ਹੈ ਤੇ ਹੁਣ ਸਿਹਤ ਠੀਕ ਨਾ ਹੋਣ ਕਾਰਨ ਇਹ ਜ਼ਿੰਮੇਵਾਰੀ ਸ੍ਰ. ਜਸਵਿੰਦਰ ਸਿੰਘ ਢਿੱਲੋਂ ਦੇ ਮੋਢਿਆਂ ਤੇ ਪਾ ਕੇ ਆਪ ਸਰਪ੍ਰਸਤ ਵਜੋਂ ਜ਼ਿੰਮਵਾਰੀ ਨਿਭਾ ਰਿਹਾ ਹੈ। ਉਹ ਅਕਸਰ ਸਾਹਿਤ ਸਭਾ ਦੀ ਅਗਵਾਈ ਹੇਠ ਹੋਣ ਵਾਲ਼ੇ ਸਾਰੇ ਸਮਾਗਮਾਂ ਵਿੱਚ ਹਾਜ਼ਰ ਹੁੰਦਾ ਹੈ।

ਭੈਲ਼ ਸਾਹਿਬ ਦਾ ਜੱਦੀ ਪਿੰਡ ਦਰਿਆ ਬਿਆਸਾ ਦੇ ਕਿਨਾਰੇ ਵੱਸਦਾ ਭੈਲ਼ ਢਾਏ ਵਾਲ਼ਾ, ਤਹਿਸੀਲ ਤੇ ਜ਼ਿਲ੍ਹਾ ਤਰਨ-ਤਾਰਨ ਹੈ ਪਰ ਉਹਦਾ ਜਨਮ ਸਮਾਟਰਾ (ਇੰਡੋਨੇਸ਼ੀਆ) ਦੀ ਧਰਤੀ ਤੇ ਪਿਤਾ ਸ੍ਰ. ਸਰੈਣ ਸਿੰਘ ਤੇ ਮਾਤਾ ਗੁਰਬਚਨ ਕੌਰ ਦੇ ਘਰ 15.12.1944 ਨੂੰ ਹੋਇਆ ਸੀ। ਉਸ ਦੇ ਮਾਤਾ-ਪਿਤਾ ਉਸ ਸਮੇਂ ਰੋਟੀ-ਰੋਜ਼ੀ ਦੇ ਜੁਗਾੜ ਲਈ ਇਸ ਟਾਪੂ ਤੇ ਗਏ ਹੋਏ ਸਨ। ਔਖੀਆਂ ਹਾਲਤਾਂ ਵਿੱਚ ਉਹਨੇ ਗੁਰੂ ਨਾਨਕ ਹਾਈ ਸਕੂਲ ਡੇਹਰਾ ਸਾਹਿਬ ਤੋਂ ਦਸਵੀਂ/ਬਾਰ੍ਹਵੀਂ ਪਾਸ ਕਰਕੇ ਸਰਵੇਅਰ ਦਾ ਡਿਪਲੋਮਾ ਹਾਸਲ ਕੀਤਾ। ਇਸ ਦੇ ਨਾਲ ਗਿਆਨੀ ਦਾ ਇਮਤਿਹਾਨ ਵੀ ਪਾਸ ਕਰ ਲਿਆ। ਉਪ੍ਰੰਤ ਉਹ ਪੰਜਾਬ ਸਰਕਾਰ ਦੇ ਭੋਂ-ਰੱਖਿਆ ਵਿਭਾਗ ਵਿੱਚ ਬਤੌਰ ਸਰਵੇਅਰ ਕਈ ਸਾਲ ਨੌਕਰੀ ਕਰਨ ਉਪ੍ਰੰਤ ਸੇਵਾ ਮੁਕਤ ਹੋ ਗਿਆ ਹੈ। ਉਸ ਦੀ ਸ਼ਾਦੀ ਸ੍ਰੀ ਮਤੀ ਪ੍ਰਕਾਸ਼ ਕੌਰ ਨਾਲ਼ ਹੋਈ। ਉਸ ਦੇ ਤਿੰਨ ਲੜਕੇ ਹਰਜਿੰਦਰ ਸਿੰਘ, ਬਰਿੰਦਰ ਸਿੰਘ, ਅਜੇਪਾਲ ਸਿੰਘ ਅਤੇ ਦੋ ਲੜਕੀਆਂ ਨਵਦੀਪ ਕੌਰ ਤੇ ਨਵਕੀਰਤ ਕੌਰ ਹਨ ਜੋ ਵਿਆਹੇ ਹੋਏ ਹਨ। ਵੱਡਾ

ਲੜਕਾ ਹਰਜਿੰਦਰ ਸਿੰਘ ਵਿਦੇਸ਼ ਗਿਆ ਹੋਇਆ ਹੈ, ਅਮਰਿੰਦਰ ਦੁਕਾਨ ਕਰਦਾ ਹੈ ਅਤੇ ਅਜੇਪਾਲ ਅੰਮ੍ਰਿਤਸਰ ਰਹਿੰਦਾ ਹੈ। ਇਸ ਵੇਲ਼ੇ ਉਹ ਬਤੌਰ ਪੈਨਸ਼ਨਰ ਆਪਣੇ ਪਰਿਵਾਰ ਵਿੱਚ ਖ਼ੁਸ਼ਹਾਲ ਜੀਵਨ ਬਿਤਾ ਰਿਹਾ ਹੈ।

ਭੈਲ਼ ਸਾਹਿਬ ਕਵਿਤਾ ਜਾਂ ਨਜ਼ਮਾਂ ਦਾ ਸਿਰਜਕ ਹੈ। ਉਸ ਦੀ ਇਕ ਪੁਸਤਕ 'ਵਿਚਾਰਾਂ ਦੀ ਸੁਗੰਧ' ਛਪ ਚੁੱਕੀ ਹੈ। 'ਸਾਹਿਤ ਸਾਗਰ ਦੇ ਮੋਤੀ', 'ਸਾਹਿਤ ਦੇ ਵਣਜਾਰੇ', 'ਸਾਹਿਤ ਦੇ ਪ੍ਰਵਾਨੇ', 'ਸਾਹਿਤਕ ਫੁਲਵਾੜੀ' ਅਤੇ 'ਸਾਹਿਤਕ ਰਿਸ਼ਮਾਂ' ਉਹਦੇ ਪੰਜ ਸਾਂਝੇ ਕਾਵਿ-ਸੰਗ੍ਰਹਿ ਹਨ। ਉਹਦੀਆਂ ਕਵਿਤਾਵਾਂ ਅਕਸਰ ਅਕਾਲੀ ਪਤ੍ਰਿਕਾ ਤੇ ਰਾਹ ਦਸੇਰਾ ਨਾਂ ਦੇ ਪੰਜਾਬੀ ਪਰਚਿਆਂ ਵਿੱਚ ਛਪਦੀਆਂ ਹਨ। ਇਸ ਵੇਲ਼ੇ ਉਹ ਗਲੀ ਗਾਰਮੈਂਟਸ ਵਾਲ਼ੀ, ਜੰਡਿਆਲਾ ਰੋਡ ਤਰਨ-ਤਾਰਨ ਵਿਖੇ ਨਿਵਾਸ ਰੱਖਦੇ ਹਨ।

**ਬਲਬੀਰ ਸਿੰਘ 'ਬੇਲੀ'**

ਭੈਲ਼ ਸਾਹਿਬ ਦੀ ਕਵਿਤਾ ਦੇ ਰੰਗ :-

## 1. ਲਾਚਾਰੀ

ਲਾਚਾਰੀ ਦੀ ਕੈਦ ਵਿਚ,
ਮਸੂਮੀਅਤ ਬੰਦ ਸੀ।
ਦੇਖਦੇ ਹੀ ਦੇਖਦੇ,
ਬੇਦਾਗ਼ ਚਿਹਰਾ, ਦਾਗੋ ਦਾਗ਼ ਸੀ
ਹੰਝੂਆਂ ਦੀ ਚੰਗੇਰ
ਬੇਜ਼ੁਬਾਨ ਹੋ ਕੇ ਰਹਿ ਗਈ।
ਤਲਿੱਸਮੀ ਅਗੋਸ਼,
ਬੇਸਹਾਰਾ ਹੋ ਗਈ।
ਕਾਲ਼ੀ ਬੋਲ਼ੀ ਰਾਤ ਵਿਚ
ਕੁਆਰੇ ਹੋਠਾਂ ਤੇ,
ਮਜ਼ਬੂਰੀ ਦੀ ਪਰਤ,
ਜੰਮ ਕੇ ਰਹਿ ਗਈ,
ਜ਼ਮਾਨਾ ਦੇਖਦਾ ਰਿਹਾ।
ਥੱਕੀ ਹਾਰੀ ਅਬਲਾ ਦਾ ਚਿਹਰਾ,
ਇਕ ਖੁੱਲ੍ਹੀ ਕਿਤਾਬ ਸੀ।

ਧਾਹੀਂ ਮਾਰ ਪੁਕਾਰਨ,
ਉਮਰਾਂ ਦੀਆਂ ਖਾਹਸ਼ਾਂ,
ਦਿਲਾਂ ਦੇ ਵਲਵਲ਼ੇ,
ਕਰੇਦੇ ਗਏ ਜ਼ਾਲਮਾਂ ਦੀਆਂ ਨਸਤਰਾਂ ਨਾਲ਼
'ਭੈਲ਼ਾ' ਉਹ ਅਬਲਾ ਸਾਡੀ ਹੀ,
ਕਿਸੇ ਦੀ ਹਮ-ਸਫ਼ਰ ਸੀ।

## 2. ਭਰੂਣ ਦਾ ਮਾਂ ਨੂੰ ਸੰਦੇਸ਼

ਮਾਏਂ ਮੇਰੀਏ ਅਜੇ ਭਰੂਣ ਬਣਿਆ,
ਭਾਵੇਂ ਰੱਖ ਤੇ ਭਾਵੇਂ ਤੂੰ ਮਾਰ ਅੰਮੀ ।
ਮੈਨੂੰ ਗਿਲਾ ਹੈ ਤੇਰੀਆਂ ਸਿਸਕੀਆਂ ਦਾ,
ਬੇਬੱਸ ਹੋ ਕੇ ਗਈ ਤੂੰ ਹਾਰ ਅੰਮੀ ।
ਤੈਨੂੰ ਰੋਲ਼ਿਆ ਸਮਾਜਕ ਕੁਰੀਤੀਆਂ ਨੇ,
ਮੁੰਡਾ ਜੰਮਣਾ ਇਕ ਉਪਹਾਰ ਅੰਮੀ ।
ਪਿੰਜ ਦਿੱਤਾ ਏ ਤੈਨੂੰ ਮਿਹਣਿਆਂ ਨੇ,
ਮੁੰਡਾ ਜੰਮ ਕੇ ਪਾ ਸਤਿਕਾਰ ਅੰਮੀ ।

ਕਈਆਂ ਦਰਾਂ ਤੇ ਗਈ ਏ ਦੇਖ ਭੂਆ,
ਵੀਰ ਘਰ ਦੀ ਸਦਾ ਇਹ ਸੁੱਖ ਮੰਗੇ ।
ਮੱਝ ਦੇਵੇ ਜਾਂ ਕੰਨਾਂ ਨੂੰ ਕੱਜ ਦੇਵੇ,
ਵੀਰ ਘਰ ਜੇ ਐਤਕੀਂ ਪੁੱਤ ਜੰਮੇ ।
ਨਾਨੀ, ਮਾਸੀਆਂ ਕਹਿਣ ਮਜਬੂਰ ਹੋ ਕੇ,
ਕੇਰਾਂ ਦੋਹਤਾ ਧੀ ਦੀ ਕੁੱਖ ਜੰਮੇ ।
ਬੜੇ ਚਿਰ ਤੋਂ ਦਾਦੀ ਕੁਹਰਾਮ ਪਾਇਆ,
ਨੂੰਹ ਜੰਮੇ ਤਾਂ ਐਤਕੀਂ ਪੁੱਤ ਜੰਮੇ ।

ਮਟਕ ਮਟਕ ਜੋ ਕਰਦੀਆਂ ਨਿੱਤ ਗੱਲਾਂ,
ਸਭੇ ਇਹਨਾਂ ਹੀ ਰਾਹਾਂ ਚੋਂ ਲੰਘੀਆਂ ਨੇ ।
ਮੇਰੇ ਵਾਂਗਰਾਂ ਪਾਈਆਂ ਸੀ ਦੋਜਖ਼ੀਂ ਜੋ,

ਜਾਨਾਂ ਇਹਨਾਂ ਹੀ ਸੂਲ਼ੀ ਤੇ ਟੰਗੀਆਂ ਨੇ ।
ਕਦੇ ਜੰਮੀਆਂ ਸਨ ਮਾਂ ਦੀ ਕੁੱਖ ਵਿਚੋਂ,
ਸੇਜ਼ਾਂ ਮਾਣਦੀਆਂ ਹੁਣ ਜੋ ਠੰਢੀਆਂ ਨੇ ।
ਕੀ ਗਿਲਾ ਹੈ ਮਰਦ ਸਮਾਜ ਉੱਤੇ,
ਪਾਈਆਂ ਇਹਨਾਂ ਹੀ ਸਦਾ ਪਗਡੰਡੀਆਂ ਨੇ।

ਔਰਤ ਰਹੀ ਹੈ ਔਰਤ ਦੀ ਸਦਾ ਵੈਰੀ,
ਫੱਫੇਕੁਟਣੀਆਂ ਤੇ ਇਹੋ ਹੀ ਬਾਂਦੀਆਂ ਨੇ ।
ਇਹੀ ਰੰਨਾਂ ਤੇ ਇਹੀ ਸੌਂਕਣਾਂ ਨੇ,
ਇਹੀ ਮਰਦਾਂ ਨੂੰ ਰਾਹ ਦਿਖਾਂਦੀਆਂ ਨੇ ।
ਬੇਸ਼ੱਕ ਮਰਦ ਸਮਾਜ ਨੇ ਧੌਂਸ ਪਾਈ,
ਸਾਥ ਮਰਦਾਂ ਦਾ ਇਹੀ ਨਿਭਾਂਦੀਆਂ ਨੇ ।
ਚੁਗ਼ਲੀ ਛੱਡ ਇਕੱਠੀਆਂ ਹੋਣ 'ਭੈਲ਼ਾ',
ਹਿੰਮਤਾਂ ਵਾਲ਼ੀਆਂ ਤਖ਼ਤਾਂ ਨੂੰ ਪਾਂਦੀਆਂ ਨੇ।

## 2. ਬੇਰੁਜ਼ਗਾਰੀ

ਇਤਿਹਾਸ ਸਦਾ ਲੁਟੇਰੇ ਦੀ ਗੱਲ ਕੀਤੀ,
ਲੁੱਟੇ ਜਾਂਦੇ ਨੂੰ ਕਿਸੇ ਨੇ ਪੁੱਛਿਆ ਨਹੀਂ ।
ਮਹਿਲ ਰਾਜਿਆਂ ਦੇ ਇਕ ਤੋਂ ਕਈ ਹੋਏ,
ਕੁੱਲੀ ਹੋਈ ਛੋਟੀ, ਕਿਸੇ ਨੇ ਪੁੱਛਿਆ ਨਹੀਂ ।
ਰਾਜੇ ਰਾਣਿਆਂ ਦੀ ਰੌਣਕ ਬਣੀ ਝਾਂਜਰ,
ਰਾਜ਼ ਝਾਂਜਰ ਦਾ ਕਿਸੇ ਨੇ ਪੁੱਛਿਆ ਨਹੀਂ ।
ਜਿਨ੍ਹਾਂ ਪੁੱਛਿਆ ਉਹਨਾਂ ਨੂੰ ਮਿਲੀ ਫਾਂਸੀ,
ਭੇਦ ਫਾਂਸੀ ਦਾ ਕਿਸੇ ਨੇ ਪੁੱਛਿਆ ਨਹੀਂ ।
ਲੁੱਟਿਆ ਹੋਇਆ ਤੇ ਗੂੜ੍ਹੀ ਨੀਂਦ ਸੁੱਤਾ,
ਮਰਜ਼ ਨਬਜ਼ ਪਛਾਣ ਕੇ ਪੁੱਛਿਆ ਨਹੀਂ ।
ਬੈਲ ਲੱਗਿਆ ਕੋਹਲੂ ਦੇ ਗੇੜ ਅੰਦਰ,
ਹਿਸਾਬ ਬਲਦ ਨੇ ਮਾਲਕ ਤੋਂ ਪੁੱਛਿਆ ਨਹੀਂ।
ਪਾੜ੍ਹੇ ਫਿਰਨ ਸੜਕਾਂ ਤੇ ਲਾਉਣ ਚੱਕਰ,

ਕਿਸੇ ਉਹਨਾਂ ਦੀ ਡਿਗਰੀ ਨੂੰ ਪੁੱਛਿਆ ਨਹੀਂ।
ਕਿਰਤੀ ਸਦਾ ਗ਼ਰੀਬੋਂ ਗ਼ਰੀਬ ਹੋਇਆ,
ਨਾਹਰਾ ਹੱਕ ਦਾ ਕਿਸੇ ਤੋਂ ਪੁੱਛਿਆ ਨਹੀਂ।
ਗਰਮ ਫੈਸ਼ਨਾਂ ਦਾ ਗਰਮ ਬਜ਼ਾਰ ਹੋਇਆ,
ਢੱਠੇ ਆਸਰੇ ਗੁਰਬਤ ਦੀ ਮਾਰ ਖਾ ਕੇ।
ਬੇਰੁਜ਼ਗਾਰੀ ਹੈ ਇਕ ਹਥਿਆਰ ਡਾਹਢਾ,
ਜਨਤਾ ਝੁਕ ਜਾਂਦੀ ਹੈ ਇਹਦੀ ਮਾਰ ਖਾ ਕੇ।
ਸ਼ੌਂਕ ਅਮੀਰ ਦਾ ਰੱਖਣੀ ਗ਼ਰੀਬ ਜਨਤਾ,
ਪਾਂਜੇ ਪੂਰੇ ਨਾ ਹੁੰਦੇ ਉਧਾਰ ਖਾ ਕੇ।
ਉਜ਼ਰਤ ਓਨੀ ਹੀ ਕਾਮੇ ਨੂੰ ਮਿਲਦੀ ਏ,
ਆਏ ਕੰਮ ਤੇ ਕੁਝ ਕੁ ਜਵਾਰ ਖਾ ਕੇ।
ਕੰਡੇ ਰਾਹਾਂ 'ਚ ਬੇਰੋਜ਼ਗਾਰੀਆਂ ਦੇ,
ਕੇਰਾਂ ਉੱਠ ਪੜ੍ਹਾਕੂਆ ਖਾਰ ਖਾ ਕੇ।
ਮਗਰ ਮੱਛਾਂ ਤੋਂ ਮੱਛੀਆਂ ਪੁੱਛਦੀਆਂ ਨੇ,
ਕਿੱਦਣ ਭਰੇਗੀ ਦੱਸ ਜ਼ਮੀਰ ਤੇਰੀ।
ਮਗਰ ਜੋਤਸ਼ੀਆਂ ਦੇ ਧੱਕੇ ਖਾਣ ਲੋਕੀਂ,
ਕਿੰਜ ਲਿਖੀ ਹੈ ਦੱਸ ਤਕਦੀਰ ਮੇਰੀ।
ਜਿਹੜਾ ਨਾਹਰਾ ਨਹੀਂ ਰੋਟੀ ਦੀ ਗੱਲ ਕਰਦਾ,
ਬਦਲ ਸਕੇ ਨਾ ਉਹ ਤਸਵੀਰ ਤੇਰੀ।
ਸਭੇ ਬਰਕਤਾਂ 'ਭੈਲ਼ਾ' ਪੈਰ ਚੁੰਮਣ,
ਜਦ ਉੱਠੇਗੀ ਲੰਮੀ ਲਕੀਰ ਤੇਰੀ।

## 3. ਚੀਸ

ਮੈਂ ਨਹੀਂ ਕਹਿੰਦਾ, ਚੌਰਾਹੇ ਖੜੀ ਭੀੜ ਵਿੱਚੋਂ,
ਇਕ ਬੁੜੀ ਔਰਤ ਨੇ ਭੁੱਬ ਮਾਰ ਕੇ ਕਹਿਆ।
ਐ ਸਮਾਜ ਦੇ ਰਖਵਾਲਿਓ, ਧਰਮਾਂ ਦੇ ਵਾਰਸੋ,
ਮੇਰਾ ਪੁੱਤਰ ਬਿਮਾਰ ਹੈ, ਨਹੀਂ ਜਾਂਦਾ ਸਹਿਆ।
ਇਹ ਵੀ ਮੇਰਾ ਪੁੱਤਰ ਹੈ, ਉਹ ਵੀ ਮੇਰਾ ਪੁੱਤਰ ਹੈ,
ਹਰ ਇਕ ਗੱਭਰੂ ਕਿਸੇ ਮਾਂ ਦਾ ਹੀ ਪੁੱਤਰ ਹੈ।

ਲੁੱਡੀਆਂ ਲੁਟੇਰੇ ਪਾਉਂਦੇ ਸ਼ਰੇਆਮ ਘੁੰਮਦੇ,
ਲੀਡਰ ਤੇ ਅਧਿਕਾਰੀ ਸਾਰੇ ਨਸ਼ੇ ਵਿੱਚ ਧੁੱਤ ਨੇ।
ਕੈਂਸਰ, ਢਿੱਡ ਪੀੜ, ਨਸ਼ੇ, ਪੀਲ਼ੀਆ ਬੁਲੰਦ ਹੋਏ,
ਦਰਦਾਂ ਦੇ ਨਾਲ ਹੁਣ ਟੁੱਟ ਗਈਆਂ ਹੱਡੀਆਂ।
ਕੰਮ ਵਾਲ਼ਾ ਦੰਮ ਨਹੀਂ, ਮੋਢਿਆਂ 'ਚ ਦਮ ਨਹੀਂ,
ਹੁਣ ਮੁਰਦਿਆਂ ਨੂੰ ਚੁੱਕ ਚੁੱਕ ਜਾਂਦੀਆਂ ਨੇ ਗੱਡੀਆਂ।
ਡਾਕਟਰ ਹੱਸਦੇ ਤੇ ਹੱਸਦੇ ਵਪਾਰੀ ਨੇ,
ਮਾਲਵੇ ਦੀ ਗੱਡੀ ਵਿਚ ਕੈਂਸਰ ਮਸ਼ਹੂਰ ਹੈ।
ਲੁਟੇਰਿਆਂ ਨੇ ਪਾਇਆ ਹੈ ਧਰਮ ਦਾ ਨਕਾਬ,
ਹੜਬੜਾਈ ਜਨਤਾ ਖ਼ੁਦਕਸ਼ੀ ਲਈ ਮਜ਼ਬੂਰ ਹੈ।
ਇਤਿਹਾਸ ਦੁਹਰਾ ਦਿੱਤਾ ਦੇਸ਼ ਦਿਆਂ ਰਹਿਬਰਾਂ ਨੇ,
ਤੁਗ਼ਲਕ ਤੇ ਰੰਗੀਲੇ ਜਿਹਾ ਸ਼ਾਹੀ ਸਲਵਾਨ ਹੈ।
ਗਰੀਬ ਕਿਸਾਨਾਂ, ਮਜ਼ਦੂਰਾਂ ਤੇ ਪੜ੍ਹਾਕੂਆਂ,
'ਭੈਲ਼ਾ' ਬਦਲ ਤਕਦੀਰ ਤੇਰੇ ਹੱਥ ਜਾਨ ਹੈ।

# ਸਾਹਿਤਕ ਬਾ.ਗ ਦਾ ਖੇੜਾ ਢਾਡੀ ਗੁਲਜ਼ਾਰ ਸਿੰਘ

**# 9872262205**



ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਦਾ ਹੀਰਾ ਗਿਆਨੀ ਗੁਲਜ਼ਾਰ ਸਿੰਘ ਖੇੜਾ ਦਾ ਜਨਮ 2 ਮਾਰਚ 1949 ਨੂੰ ਜੰਡਿਆਲ਼ਾ ਗੁਰੂ ਦੀ ਧਰਤੀ ਤੇ ਗਿਆਨੀ ਸੋਹਣ ਸਿੰਘ ਤੇ ਮਾਤਾ ਸ੍ਰੀ ਮਤੀ ਪ੍ਰਕਾਸ਼ ਕੌਰ ਦੇ ਘਰ ਹੋਇਆ।ਭਾਵੇਂ ਉਹ ਕਿਸੇ ਕਾਰਨ ਵਸ ਸਰਕਾਰੀ ਹਾਈ ਸਕੂਲ ਜੰਡਿਆਲ਼ਾ ਗੁਰੂ ਤੋਂ ਮੈਟ੍ਰਿਕ ਪਾਸ ਕਰਨ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਗਿਆ ਸੀ ਪਰ ਮੈਂ ਸਮਝਦਾ ਹਾਂ ਕਿ ਉਹ ਪੜ੍ਹੇ ਨਾਲੋਂ ਗੁੜ੍ਹਿਆ ਵੱਧ ਹੈ। ਇਹੀ ਕਾਰਨ ਹੈ ਕਿ ਉਹਨੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਕੇ ਸੰਗਤਾਂ ਦੇ ਇਕੱਠ ਵਿੱਚ ਢਾਡੀ ਜਥਾ ਬਣਾ ਕੇ ਇਤਿਹਾਸਕ ਤੇ ਧਾਰਮਿਕ ਵਾਰਾਂ ਤੇ ਪ੍ਰਸੰਗ ਗਾ ਕੇ ਸੁਣਾਉਣ ਦਾ ਪੇਸ਼ਾ ਚੁਣਿਆ। ਢਾਡੀ-ਵਾਰਾਂ ਗਾ ਕੇ ਸਰੋਤਿਆਂ ਵਿੱਚ ਜੋਸ਼ ਪੈਦਾ ਕਰਨਾ ਅਤੇ ਉਹਨਾਂ ਨੂੰ ਗੁਰ-ਇਤਿਹਾਸ ਨਾਲ਼ ਜੋੜਨਾ ਸਾਡੀ ਪੁਰਾਣੀ ਵਿਰਾਸਤ ਹੈ ਜੋ ਗੁਰੂ ਕਾਲ ਤੋਂ ਤੁਰੀ ਆਉਂਦੀ ਹੈ। ਅੱਜ ਵੀ ਢਾਡੀ ਅਤੇ ਕਵੀਸ਼ਰ ਗੁਰੂ ਘਰਾਂ ਵਿੱਚ ਲਗਦੇ ਦੀਵਾਨਾਂ ਦੇ ਕੇਂਦਰ-ਬਿੰਦੂ ਹੁੰਦੇ ਹਨ।

ਖੇੜਾ ਜੀ ਨੇ ਢਾਡੀ ਵਾਰਾਂ ਤੋਂ ਛੁੱਟ ਕਵਿਤਾ, ਗੀਤ ਅਤੇ ਕਹਾਣੀ ਰਚਨਾ ਤੇ ਵੀ ਆਪਣੀ ਕਲਮ ਅਜ਼ਮਾਈ ਹੈ। ਪੰਜਾਬੀ ਮੈਗਜ਼ੀਨਾਂ ਵਿੱਚ ਉਹਦੀਆਂ ਰਚਨਾਵਾਂ ਛਪਦੀਆਂ ਹਨ। ਉਹਨੇ 'ਖੇੜਾ ਢਾਡੀ ਪ੍ਰਸੰਗ' ਅਤੇ 'ਖੇੜਾ ਢਾਡੀ ਵਾਰਾਂ' ਟਾਈਟਲ ਹੇਠ ਦੋ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ ਹਨ। ਉਹ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲ਼ਾ ਦਾ ਮੁੱਢਲਾ ਮੈਂਬਰ ਹੈ ਪਰ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਦੇ ਕਵੀ-ਦਰਬਾਰਾਂ ਵਿੱਚ ਵੀ ਅਕਸਰ ਹਾਜ਼ਰ ਹੁੰਦਾ ਹੈ।

ਪਰਿਵਾਰਿਕ ਤੌਰ 'ਤੇ ਉਹ ਆਪਣੀ ਪਤਨੀ ਸ੍ਰੀ ਮਤੀ ਸੁਰਜੀਤ ਕੌਰ ਅਤੇ ਪੁੱਤਰ ਸਿਰਤਾਜ ਸਿੰਘ, ਰਣਜੀਤ ਸਿੰਘ ਤੇ ਬਹਾਦਰ ਸਿੰਘ ਤਿੰਨੇਂ ਸ਼ਾਦੀ-ਸ਼ੁਦਾ ਹਨ, ਨਾਲ਼ ਖ਼ੁਸ਼ਹਾਲ ਜੀਵਨ ਜੀਅ ਰਿਹਾ ਹੈ। ਉਸ ਦੀਆਂ ਚਾਰ ਲੜਕੀਆਂ ਕ੍ਰਮਵਾਰ ਸਤਨਾਮ ਕੌਰ,

ਦਵਿੰਦਰ ਕੌਰ, ਜਸਬੀਰ ਕੌਰ ਅਤੇ ਤੇਜਪਾਲ ਕੌਰ, ਵਿਆਹੀਆਂ ਹੋਈਆਂ ਹਨ। ਵੱਡਾ ਲੜਕਾ ਬਿਜਲੀ ਬੋਰਡ ਮੁਲਾਜ਼ਮ, ਵਿਚਲਾ ਕਰੇਨ ਉਪ੍ਰੇਟਰ ਅਤੇ ਛੋਟਾ ਰਾਜ-ਮਿਸਤਰੀ ਹੋਣ ਕਾਰਨ ਸਾਰੇ ਸਵੈ-ਨਿਰਭਰ ਹਨ। ਖੇੜਾ ਜੀ ਇਸ ਸਮੇਂ ਪਰਿਵਾਰ ਸਮੇਤ ਜੰਡਿਆਲਾ ਗੁਰੂ ਹੀ ਰਹਿੰਦੇ ਹਨ। ਮੈਂ ਉਹਨਾਂ ਦੀਆਂ ਕੁਝ ਕਵਿਤਾਵਾਂ/ਵਾਰਾਂ ਤੁਹਾਡੇ ਰੂ-ਬਰੂ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹਾਂ।

**ਅਵਤਾਰ ਸਿੰਘ ਗੋਇੰਦਵਾਲੀਆ**

ਖੇੜਾ ਜੀ ਦੀ ਕਵਿਤਾ ਦੇ ਰੰਗ :-

## 1. ਸਾਕਾ ਨਨਕਾਣਾ ਸਾਹਿਬ

ਲੱਖ ਪ੍ਰਣਾਮ ਕਰਾਂ ਉਹਨਾਂ ਬੀਰ ਯੋਧਿਆਂ ਨੂੰ,
ਨਨਕਾਣਾ ਸਾਹਿਬ ਜਿਹਨਾਂ ਲਹੂ ਨਾਲ਼ ਰੰਗਿਆ।
ਲੱਖ ਪ੍ਰਣਾਮ....................

ਛਵ੍ਹੀਆਂ ਗੰਡਾਸਿਆਂ ਨਾ ਜਿਹਨਾਂ ਤਾਈਂ ਟੁੱਕਿਆ।
ਪੱਥਰਾਂ ਨਾ ਸਿਰ ਪਾੜੇ ਡਾਂਗਾਂ ਨਾਲ਼ ਕੁੱਟਿਆ।
ਕਰ ਕਰ ਟੁਕੜੇ ਤੇ ਨੇਜ਼ਿਆਂ ਤੇ ਟੰਗਿਆ।
ਨਨਕਾਣਾ ਸਾਹਿਬ ਜਿਹਨਾਂ ਲਹੂ ਨਾਲ ਰੰਗਿਆ।
ਲੱਖ ਪ੍ਰਣਾਮ .......................

ਭੱਠਾਂ ਵਿੱਚ ਝੋਕੇ ਬਣੇ ਮੌਤ ਦੇ ਜੋ ਲਾੜੇ ਨੇ,
ਬੰਨ੍ਹ ਕੇ ਤੇ ਜੰਡਾਂ ਨਾਲ ਤੇਲ ਪਾ ਕੇ ਸਾੜੇ ਨੇ।
ਸ਼ਹੀਦੀਆਂ ਦਾ ਬਾਟਾ ਜਿਹਨਾਂ ਆਪ ਮੂੰਹੋਂ ਮੰਗਿਆ।
ਨਨਕਾਣਾ ਸਾਹਿਬ ਜਿਹਨਾਂ ਲਹੂ ਨਾਲ਼ ਰੰਗਿਆ।
ਲੱਖ ਪ੍ਰਣਾਮ.......................

ਘੋੜਿਆਂ ਦੇ ਦੁੰਬਾਂ ਥੱਲੇ ਖੁੰਬਾਂ ਵਾਂਗੂੰ ਫਿੱਸ ਗਏ।
ਬਣ ਬਣ ਲਾਸ਼ਾਂ ਜਿਹੜੇ ਧਰਤੀ ਤੇ ਵਿਛ ਗਏ।
ਜ਼ੁਲਮ ਕਮਾਉਂਦਾ ਗੋਰਾ ਜ਼ਰਾ ਵੀ ਨਾ ਕੰਬਿਆ।
ਨਨਕਾਣਾ ਸਾਹਿਬ ਜਿਹਨਾਂ ਲਹੂ ਨਾਲ ਰੰਗਿਆ।
ਲੱਖ ਪ੍ਰਣਾਮ......................

ਗੁਰਦੁਆਰੇ ਗੁੰਡਿਆਂ ਤੋਂ ਖ਼ਾਲੀ ਕਰਵਾਉਣ ਲਈ।
ਬੁੱਚੜਾਂ ਦੇ ਕੋਲੋਂ ਖੇੜਾ ਗਊਆਂ ਛਡਵਾਉਣ ਲਈ।
ਮੱਲਕੁੱਲ ਮੌਤ ਵਾਲ਼ਾ ਬੂਹਾ ਜਿਹਨਾਂ ਲੰਘਿਆ।
ਨਨਕਾਣਾ ਸਾਹਿਬ ਜਿਹਨਾਂ ਲਹੂ ਨਾਲ਼ ਰੰਗਿਆ।
ਲੱਖ ਪ੍ਰਣਾਮ..........................

## 2. ਵਾਰ

ਯੋਧਾ ਟਹਿਲ ਸਿੰਘ ਜੋ ਨਿਜ਼ਾਮ ਪੁਰੇ ਦਾ,
ਗੱਜ ਬੋਲਿਆ ਇਉਂ ਸ਼ੇਰ ਜਵਾਨ।
ਅਸੀਂ ਕਰ ਅਰਦਾਸਾ ਤੁਰੇ ਹਾਂ,
ਗਾਨੇ ਬੰਨ੍ਹ ਕੇ ਸ਼ਹੀਦੀਆਂ ਪਾਣ।
ਗੁਰੂ ਘਰ 'ਚ ਜ਼ਰੂਰੀ ਅਸੀਂ ਪੁੱਜਣਾ,
ਸਾਨੂੰ ਨਹੀਂ ਮੁੜਨਾ ਪ੍ਰਵਾਨ।
ਡਰ ਜਿਹਨਾਂ ਨੂੰ ਸਤਾਵੇ ਮੌਤ ਦਾ,
ਜਾਨ ਜਾਣ ਕੇ ਪਿਆਰੀ ਮੁੜ ਜਾਣ।
ਏਨੀ ਆਖ ਕੇ ਅਗਾਂਹ ਨੂੰ ਚੱਲ ਪਏ,
ਸਾਰਾ ਜਥਾ ਪਿੱਛੇ ਲੱਗ ਗਿਆ ਆਣ।
ਬੋਲ ਵਾਹਿਗੁਰੂ ਡਿਓਢੀ ਲੰਘਦੇ,
ਬੂਹੇ ਬੰਦ ਨੇ ਪੁਜਾਰੀ ਕਰਵਾਣ।
ਮੱਥਾ ਟੇਕਿਆ ਜਾਂ ਲੰਘ ਅੰਦਰ ਖ਼ਾਲਸੇ,
ਗੁਰੂ ਨਾਨਕ ਦੇ ਜਨਮ ਅਸਥਾਨ।
ਲਛਮਣ ਸਿੰਘ ਜਾ ਕੇ ਬੈਠ ਗਿਆ ਤਾਬਿਆ,
ਦਰਬਾਰ ਸਾਹਿਬ ਵਿੱਚ ਕਹਿ ਕੇ ਸਤਿਨਾਮ।
ਗੁੱਸਾ ਖਾ ਕੇ ਮਹੰਤ ਫਿਰ ਉੱਠਿਆ,
ਟੋਲੇ ਆਪਣੇ ਨੂੰ ਲੱਗਾ ਫ਼ੁਰਮਾਣ।
ਕਰੋ ਖ਼ਾਲਸੇ ਪੰਥ ਦਾ ਖ਼ਾਤਮਾ,
ਡਾਕੂ ਚੜ੍ਹੇ ਨੇ ਕੰਧਾਂ ਤੇ ਝੱਟ ਆਣ।
ਕਾੜ੍ਹ ਕਾੜ੍ਹ ਗੋਲ਼ੀ ਖ਼ਾਲਸੇ ਤੇ ਚੱਲ ਪਈ,
'ਖੇੜਾ' ਮੱਚ ਗਏ ਲਹੂ ਦੇ ਉੱਥੇ ਘਾਣ।

# 3. ਤੇਗ ਬਹਾਦਰ ਸਿਮਰੀਐ

## (ਮੰਗਲਾਚਰਣ)

ਗੁਰੂ ਤੇਗ ਬਹਾਦਰ ਸਿਮਰੀਐ, ਗੁਰੂ ਤੇਗ ਬਹਾਦਰ ਸਿਮਰੀਐ ।
ਘਰਿ ਨਉ ਨਿਧਿ ਆਵੈ ਧਾਇ, ਘਰਿ ਨਉ ਨਿਧਿ ਆਵੈ ਧਾਇ ।
ਦੁੱਖ ਦਲਿੱਦਰ ਦੂਰ ਹੋਣ ਸਭ ਥਾਈਂ ਹੋਏ ਸਹਾਏ ।
ਗੁਰੂ ਤੇਗ ਬਹਾਦਰ ਸਿਮਰੀਐ, ਘਰਿ ਨਉ ਨਿਧਿ ਆਵੈ ਧਾਇ ।

ਸਭ ਤੋਂ ਪਹਿਲਾਂ ਮੱਖਣ ਸ਼ਾਹ ਨੇ ਨੌਂਵਾਂ ਗੁਰੂ ਧਿਆਇਆ ।
ਸੁਣ ਅਰਦਾਸ ਆਪਣੇ ਸੇਵਕ ਦੀ, ਜਾ ਬੇੜਾ ਬੰਨੇ ਲਾਇਆ ।
ਉਹ ਭੇਟ ਚੜ੍ਹਾ ਕੇ ਪੰਜ ਸੌ ਮੋਹਰ, ਗੁਰੂ ਲਾਧੋ ਲਾਧੋ ਗਾਏ ।
ਤੇਗ ਬਹਾਦਰ ਸਿਮਰੀਐ, ਘਰਿ ਨਉ ਨਿਧਿ ਆਵੈ ਧਾਇ ।

ਅਸਾਮ ਦੇਸ਼ ਵਿੱਚ ਜਾਦੂਗਰਨੀ, ਧੋਬਣ ਜਾ ਕੇ ਤਾਰੀ,
ਰਾਮ ਰਾਏ ਤੇ ਬਿਸ਼ਨ ਸਿੰਘ ਤੇ ਜਾ ਕੀਤੀ ਪਰਉਪਕਾਰੀ ।
ਧੋਬੜੀ ਸਾਹਿਬ ਜਿੱਥੇ ਗੁਰਦੁਆਰਾ ਸਭ ਦੁਨੀਆਂ ਸੀਸ ਝੁਕਾਏ,
ਤੇਗ ਬਹਾਦਰ ਸਿਮਰੀਐ, ਘਰਿ ਨਉ ਨਿਧਿ ਆਵੈ ਧਾਇ ।

ਜਦ ਹਿੰਦੂ ਧਰਮ ਮਿਟਾਉਣ ਦੀ ਖ਼ਾਤਰ, ਔਰੰਗਾ ਜ਼ੁਲਮ ਕਮਾਉਂਦਾ,
ਮੰਦਰ ਢਾਵੇ, ਗਊਆਂ ਕਤਲ ਕਰ ਸਵਾ ਮਣ ਜੰਝੂ ਲਾਹੁੰਦਾ ।
ਚਾਂਦਨੀ ਚੌਂਕ ਵਿੱਚ ਸੀਸ ਵਾਰ ਤਾ, ਹਿੰਦੂ ਜਦ ਕੁਰਲਾਏ,
ਤੇਗ ਬਹਾਦਰ ਸਿਮਰੀਐ, ਘਰਿ ਨਉ ਨਿਧਿ ਆਵੈ ਧਾਇ ।

ਗੁਜਰੀ ਭਾਵੇਂ ਵਿਧਵਾ ਹੋ ਗਈ, ਗੋਬਿੰਦ ਯਤੀਮ ਬਣਾਇਆ,
ਸੁਹਾਗ ਬਚਾਏ ਹਿੰਦਵਾਣੀਆਂ ਦੇ, ਬਾਂਹ ਫੜੀ ਦੀ ਲਾਜ ਨੂੰ ਪਾਲ਼ਿਆ ।
ਬਣ ਕੇ ਖੇੜਾ ਹਿੰਦ ਦੀ ਚਾਦਰ, ਗੁਰਾਂ ਕੀਤੇ ਕੌਲ਼ ਪੁਗਾਏ,
ਤੇਗ ਬਹਾਦਰ ਸਿਮਰੀਐ, ਘਰਿ ਨਉ ਨਿਧਿ ਆਵੈ ਧਾਇ ।

# ਡੁੱਲ੍ਹੇ ਬੇਰਾਂ ਵਾਲਾ ਵਜ਼ੀਰ ਸਿੰਘ ਰੰਧਾਵਾ

(ਮੋ:) 81468 23797



ਸ੍ਰ. ਵਜ਼ੀਰ ਸਿੰਘ ਰੰਧਾਵਾ ਨੂੰ ਮੈਂ ਪਿਛਲੇ ਤੀਹ ਕੁ ਸਾਲ ਤੋਂ ਜਾਣਦਾ ਹਾਂ। ਉਹ ਮੇਰੇ ਪਿੰਡ ਦੇ ਸੈਕੰਡਰੀ ਸਕੂਲ ਵਿੱਚ ਬਤੌਰ ਡੀ.ਪੀ. ਤਾਇਨਾਤ ਰਿਹਾ ਹੈ ਅਤੇ ਗਾਹੇ-ਬਿਗਾਹੇ ਗੌਰਮਿੰਟ ਟੀਚਰ ਯੂਨੀਅਨ ਦਾ ਸੁਨੇਹਾਂ ਲੈ ਕੇ ਮੈਂ ਉਹਨਾਂ ਕੋਲ਼ ਜਾਂਦਾ ਹੁੰਦਾ ਸਾਂ। ਫਿਰ ਉਹਨਾਂ ਦੀ ਬਦਲੀ ਸਰਕਾਰੀ ਹਾਈ ਸਕੂਲ ਸਖੀਰਾ ਵਿਖੇ ਹੋ ਗਈ। ਹੈੱਡ ਮਾਸਟਰ ਦੀ ਪੋਸਟ ਖਾਲੀ ਸੀ, ਇਸ ਕਾਰਨ ਸੀਨੀਅਰ ਹੋਣ ਕਾਰਨ ਉਹਨੂੰ ਡੀ ਡੀ ਓ ਪਾਵਰਾਂ ਮਿਲ ਗਈਆਂ। ਮੈਂ ਉਦੋਂ ਸਰਕਾਰੀ ਮਿਡਲ ਸਕੂਲ ਬੁੱਘੇ ਸਾਂ ਤੇ ਸਖੀਰਾ ਸਾਡਾ ਕੰਪਲੈਕਸ ਸਕੂਲ ਸੀ ਮਤਲਬ ਸਾਡੀਆਂ ਤਨਖ਼ਾਹਾਂ ਤੇ ਹੋਰ ਵਿੱਤੀ ਕੰਮ-ਕਾਰ ਉਹਨਾਂ ਦੇ ਜ਼ਿੰਮੇਂ ਸਨ। ਉਸ ਸਮੇਂ ਉਹਦੀ ਬੱਚਿਆਂ ਅਤੇ ਅਧਿਆਪਕਾਂ ਪ੍ਰਤੀ ਸੁਹਿਰਦਤਾ ਦੇ ਦਰਸ਼ਨ ਹੋਏ। ਬੱਚਿਆਂ ਦੀ ਪੜ੍ਹਾਈ ਦੇ ਨਾਲ਼ ਵਜ਼ੀਰ ਸਿੰਘ ਨੇ ਪਹਿਲਕਦਮੀ ਲੈ ਕੇ ਸਾਰੇ ਅਧਿਆਪਕਾਂ ਦੇ ਜੀ.ਪੀ. ਫੰਡ ਖ਼ਾਤੇ ਅਤੇ ਜੀ.ਆਈ.ਐਸ. ਦਾ ਲੇਖਾ ਜ਼ੀਰੋ ਲੈਵਲ ਤੋਂ ਸ਼ੁਰੂ ਕਰਕੇ ਅੱਪ ਟੂ ਡੇਟ ਮੁਕੰਮਲ ਕਰਵਾਇਆ। ਇਸ ਕੰਮ ਵਿੱਚ ਮੈਂ ਖ਼ੁਦ ਅਤੇ ਉਹਨਾਂ ਦੇ ਡਰਾਇੰਗ ਮਾਸਟਰ ਲਖਵਿੰਦਰ ਸਿੰਘ ਨੇ ਮਦਦ ਕੀਤੀ। ਉਸ ਸਮੇਂ ਨਾ ਮੈਂ ਤੇ ਨਾ ਉਹ ਸਾਹਿਤ ਸਿਰਜਨਾ ਦੇ ਰਾਹ ਤੇ ਸਾਂ। ਬਾਅਦ ਵਿੱਚ ਬਦਲੀ ਕਰਾ ਕੇ ਉਹ ਸ.ਸ.ਸ.ਸ. ਗੁਮਾਨ ਪੁਰ ਚਲੇ ਗਿਆ ਤੇ ਉੱਥੋਂ ਹੀ 31.01.2008 ਨੂੰ ਸੇਵਾ-ਮੁਕਤ ਹੋਇਆ।

ਪਿੰਡ ਰੂੜੇ ਆਸਲ ਦੇ ਜੰਮਪਲ਼  ਵਜ਼ੀਰ ਸਿੰਘ ਰੰਧਾਵਾ ਦੇ ਪਿਤਾ ਜੀ ਦਾ ਨਾਂ ਸ੍ਰ. ਸ਼ਾਮ ਸਿੰਘ, ਮਾਤਾ ਦਾ ਸ੍ਰੀ ਮਤੀ ਗੁਰਮੇਜ ਕੌਰ ਅਤੇ ਜਨਮ ਮਿਤੀ 11.01.1950 ਹੈ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹਾਸਲ ਕਰਕੇ ਅਗਲੀ ਪੜ੍ਹਾਈ ਸਰਕਾਰੀ ਸੀ: ਸੈਕੰਡਰੀ ਸਕੂਲ ਤਰਨਤਾਰਨ ਤੋਂ ਅਤੇ ਬੀ.ਏ. ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਤੋਂ ਕੀਤੀ। ਡੀ.ਪੀ.ਐਡ. ਦਾ ਕੋਰਸ ਕਰਕੇ ਉਹ 12.01.1974 ਨੂੰ ਸਰਕਾਰੀ ਨੌਂਕਰੀ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਿਆ। ਲਗਭੱਗ 34 ਸਾਲ ਦੀ ਸੇਵਾ

ਕਰਨ ਉਪ੍ਰੰਤ ਰਿਟਾਇਰ ਹੋ ਗਿਆ। ਅੱਜ ਕੱਲ੍ਹ ਪੈਨਸ਼ਨਰ ਵਜੋਂ ਪਰਿਵਾਰਕ ਖ਼ੁਸ਼ੀਆਂ ਮਾਣ ਰਿਹਾ ਹੈ। ਇਸ ਦਰਮਿਆਨ ਉਸ ਦੀ ਸ਼ਾਦੀ ਸ੍ਰੀ ਮਤੀ ਸਿਮਰਜੀਤ ਕੌਰ ਨਾਲ ਹੋਈ ਜੋ ਬਤੌਰ ਹੈੱਡ ਟੀਚਰ ਸੇਵਾ-ਮੁਕਤ ਹੋਏ ਹਨ। ਬੇਟਾ ਰਵੀਸ਼ੇਰ ਸਿੰਘ ਰੰਧਾਵਾ ਐਮ.ਬੀ.ਏ. ਕਰਕੇ ਕੈਨੇਡਾ ਦਾ ਪੱਕਾ ਸ਼ਹਿਰੀ ਬਣ ਗਿਆ ਹੈ ਅਤੇ ਬੇਟੀ ਸੁਖਜਿੰਦਰ ਕੌਰ ਵੀ ਐਮ.ਬੀ.ਏ. ਕਰਕੇ ਇੰਗਲੈਂਡ ਜਾ ਕੇ ਉੱਥੋਂ ਦੀ ਪੱਕੀ ਵਸਨੀਕ ਬਣ ਗਈ ਹੈ। ਦੋਵੇਂ ਸ਼ਾਦੀ-ਸ਼ੁਦਾ ਹਨ। ਵਜ਼ੀਰ ਸਿੰਘ ਰੰਧਾਵਾ ਇਸ ਵੇਲ਼ੇ ਐਫ - 17, ਬਲਾਕ ਏ, ਸੰਧੂ ਕਲੋਨੀ, ਛੇਹਰਟਾ ਰੋਡ, ਅੰਮ੍ਰਿਤਸਰ ਵਿਖੇ ਰਹਿੰਦਾ ਹੈ।

ਜਿਵੇਂ ਕਿ ਉੱਪਰ ਦੱਸ ਆਇਆ ਹਾਂ ਕਿ ਸਾਹਿਤ ਸਿਰਜਨਾ ਦਾ ਕੰਮ ਉਹਨਾਂ ਮੇਰੇ ਵਾਂਙ ਰਿਟਾਰਿਮੈਂਟ ਤੋਂ ਬਾਅਦ ਹੀ ਸ਼ੁਰੂ ਕੀਤਾ ਹੈ। ਉਹ ਮਿੰਨੀ ਕਹਾਣੀ ਤੇ ਨਾਵਲਾਂ ਦਾ ਰਚੇਤਾ ਹੈ। ਹੁਣ ਤੱਕ ਤਿੰਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕਾ ਹੈ।

1. ਹੋਕਾ (ਮਿੰਨੀ ਕਹਾਣੀ)
2. ਦੁੱਧ ਦੀ ਲਾਜ (ਨਾਵਲ)
3. ਡੁੱਲ੍ਹੇ ਬੇਰ (ਨਾਵਲ)

ਪੰਜਾਬੀ ਮੈਗਜ਼ੀਨ ਨਵ-ਸਵੇਰ (ਕੈਨੇਡਾ) ਅਤੇ ਨਵਾਂ ਜ਼ਮਾਨਾ ਐਤਵਾਰਤਾ ਵਿੱਚ ਉਸ ਦੀਆਂ ਰਚਨਾਵਾਂ ਛਪਦੀਆਂ ਹਨ। ਉਹ ਕੇਂਦਰੀ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਹੈ ਪਰ ਸੁਨੇਹਾਂ ਮਿਲੈ ਤਾਂ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਦੇ ਸਮਾਗਮਾਂ ਵਿੱਚ ਵੀ ਆ ਸ਼ਾਮਲ ਹੁੰਦਾ ਹੈ। ਉਹ ਹਰ ਦਿਲ ਅਜੀਜ਼, ਮਿਠਬੋਲੜਾ, ਠੰਢੇ ਸੁਭਾਅ ਦਾ ਮਾਲਕ ਤੇ ਯਾਰਾਂ ਦਾ ਯਾਰ ਹੈ।

**ਜ.ਸ. ਮਾਣੋਚਾਹਲ**

ਰੰਧਾਵਾ ਸਾਹਿਬ ਦੀਆਂ ਮਿੰਨ੍ਹੀ ਕਹਾਣੀਆਂ :-

# 1. ਮਿੰਨ੍ਹੀ ਕਹਾਣੀ - ਕਰਵਟ

ਵਿਹਲੜਾਂ ਨਾ ਹੋਣ ਤੇ ਕੰਮ ਨਾ ਧੰਦਾ ਤੁਰ ਪੈਂਦੀਆਂ ਜਿਧਰ ਜੀਅ ਕਰੇ ਮੂੰਹ ਚੁੱਕ ਕੇ...ਕੋਈ ਰੋਕਣ ਟੋਕਣ ਵਾਲ਼ਾ ਈ ਨਹੀਂ ਇਹਨਾਂ ਨੂੰ ਜਦੋਂ ਵੇਖੋ ਫ਼ੋਨ ਤੇ ਟਿਕ ਟਿਕ ਹੁਣ ਕਿਵੇਂ ਕੰਨ ਵਲ੍ਹੇਟੀ ਬੈਠੀਆਂ ਜਿਵੇਂ। ”

ਨਸੀਬ ਕੌਰ ਸਵੇਰ ਤੋਂ ਹੀ ਲੋਹੀ ਲਾਖੀ ਹੋਈ ਵਿਹੜੇ ਵਿੱਚ ਤੁਰੀ ਫਿਰਦੀ ਆਪਣੀਆਂ ਨੂੰਹਾਂ ਨੂੰ ਅਵਾ-ਤਵਾ ਬੋਲੀ ਜਾ ਰਹੀ ਸੀ। ਮੱਘਰ ਸਿੰਘ ਉਹਨੂੰ ਜਿੰਨਾ ਸਮਝਾਉਣ ਦਾ ਯਤਨ ਕਰਦਾ, ਉਹ ਓਨਾ ਹੀ ਜ਼ਿਆਦਾ ਉੱਚੀ ਬੋਲਣ ਲੱਗ ਪੈਂਦੀ ਅਤੇ ਅੱਗੋਂ ਇੱਕ ਦੀਆਂ ਦਸ ਸੁਣਾਉਂਦੀ। ਬਾਕੀ ਪਰਿਵਾਰ ਦੇ ਜੀਅ ਮਾਈ ਦੇ ਇਸ ਰੌਲ਼ੇ-ਰੱਪੇ ਕਰਕੇ ਹੀ ਆਪੋ ਆਪਣੇ ਕਮਰਿਆਂ ਅੰਦਰ ਦੜ ਵੱਟੀ ਬੈਠੇ ਸਨ।

ਦਰਅਸਲ ਨਸੀਬ ਕੌਰ ਪਿਛਲੇ ਹਫ਼ਤੇ ਤੋਂ ਹੀ ਆਪਣੇ ਵੱਡੇ ਨੂੰਹ-ਪੁੱਤ ਨਾਲ਼ ਘੁੱਟੀ-ਵੱਟੀ ਚੱਲ ਰਹੀ ਸੀ। ਉਹਨਾਂ ਨੇ ਲੜਕੀ ਦਾ ਜਨਮ ਹੋਣ ਤੇ ਹਸਪਤਾਲੋਂ ਆਉਂਦਿਆਂ ਹੀ ਸਾਰੇ ਗਲ਼ੀ-ਗਵਾਂਢ ਵਿੱਚ ਖ਼ੁਸ਼ੀ ਵਜੋਂ ਲੱਡੂ ਜੁ ਵੰਡੇ ਸਨ। ਅਤੇ ਘਰ ਵਧਾਈ ਦੇਣ ਵਾਲ਼ਿਆਂ ਨੂੰ ਵੀ ਮੂੰਹ ਮਿੱਠਾ ਕਰਾ ਕੇ ਤੋਰਿਆ ਸੀ। ਇਹ ਸਾਰਾ ਕੁਝ ਉਸ ਨੂੰ ਅਜੀਬੋ-ਗਰੀਬ ਲੱਗ ਰਿਹਾ ਸੀ। ਉਸ ਦਾ ਮਨ ਨਹੀਂ ਸੀ ਮੰਨ ਰਿਹਾ ਕਿ ਲੜਕੀ ਦੇ ਜਨਮ ਤੇ ਕਾਹਦੇ ਲੱਡੂ ਤੇ ਕਾਹਦੀਆਂ ਵਧਾਈਆਂ? ਉਹ ਸੋਚਦੀ, ....ਸਾਡੇ ਵੇਲ਼ੇ ਤਾਂ ਜੇ ਕਿਸੇ ਦੇ ਘਰ ਲੜਕੀ ਜੰਮ ਪੈਂਦੀ ਸੀ ਤਾਂ ਕਈ ਦਿਨ ਚੁੱਲ੍ਹੇ ਅੱਗ ਨਹੀਂ ਸੀ ਬਾਲ਼ਦੇ। ਸਾਰਾ ਆਂਢ-ਗਵਾਂਢ ਵਧਾਈ ਦੇਣ ਦੀ ਥਾਂ ਅਫ਼ਸੋਸ ਕਰਨ ਆਉਂਦਾ ਅਤੇ ਆਂਹਦੇ, 'ਕੀ ਸੀ ਜੇ ਰੱਬ ਚੰਗੀ ਚੀਜ਼ ਦੇ ਦੇਂਦਾ?' ਫਿਰ ਢਾਰਸ ਦੇਂਦੇ, ਚਲੋ ਆਸ ਨਾਲ ਹੀ ਜਹਾਨ ਜਿਊਂਦਾ ਹੇ, ਪ੍ਰਮਾਤਮਾ ਜ਼ਰੂਰ ਮਿਹਰ ਕਰੇਗਾ ਪਰ ਹੁਣ ਤਾਂ ਜ਼ਮਾਨਾ ਹੀ ਉਲਟਾ ਆ ਗਿਐ। ਜਿਹੋ ਜਿਹੇ ਆਲ਼ੇ ਓਹੋ ਜਿਹੇ ਕੁੱਜੇ!ਰੱਬ ਇਹਨਾਂ ਨੂੰ ਸੁਮੱਤ ਬਖ਼ਸ਼ੇ।"

ਅੱਜ ਲੋਹੜੀ ਦਾ ਤਿਉਹਾਰ ਸੀ। ਸਾਰੇ ਪਰਿਵਾਰ ਨੇ ਲੜਕੀ ਦੀ ਲੋਹੜੀ ਮਨਾਉਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਨਸੀਬ ਕੌਰ ਤੋਂ ਡਰਦਿਆਂ, ਉਸ ਦੇ ਕੰਨ 'ਵਾਜ਼ ਨਹੀਂ ਸੀ ਪੈਣ ਦਿੱਤੀ। ਮੱਘਰ ਸਿੰਘ ਨੇ ਮੌਕਾ ਵੇਖ ਕੇ ਉਹਨੂੰ ਦੱਸਣ ਦੀ ਜ਼ਿੰਮੇਵਾਰੀ ਲਈ ਸੀ ਪਰ ਕਲੇਸ਼ ਦੇ ਡਰੋਂ ਦੱਸਣ ਤੋਂ ਬਿਨਾਂ ਹੀ ਸਮਾਂ ਬੀਤ ਗਿਆ। ਸਵੇਰੇ ਉੱਠਦਿਆਂ ਹੀ ਅਚਾਨਕ ਪਤਾ ਲੱਗਣ ਤੇ ਉਸ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹ ਗੁੱਸੇ ਵਿੱਚ ਜੋ ਮੂੰਹ ਆਇਆ ਬੋਲੀ ਜਾ ਰਹੀ ਸੀ ਅਤੇ ਘਰ ਛੱਡ ਕੇ ਜਾਣ ਦਾ ਡਰਾਵਾ ਵੀ ਦੇਈ ਜਾ ਰਹੀ ਸੀ।

ਹੋਰ ਕੋਈ ਚਾਰਾ ਨਾ ਚੱਲਦਾ ਵੇਖ, ਮੱਘਰ ਸਿੰਘ ਉਹਨੂੰ ਆਪਣੇ ਕਮਰੇ ਵਿੱਚ ਲੈ ਗਿਆ ਅਤੇ ਸਮਝਾਉਣ ਲੱਗਾ ਕਿ ਵੇਖ ਭਾਗਵਾਨੇ ਪਿਟ-ਸਿਆਪਾ ਕਰਨਾ ਛੱਡ, ਆਪਾਂ ਕਿਹੜਾ ਅੱਗੇ ਲੱਗ ਕੇ ਕੰਮ ਕਰਨ ਦਾ ਉਮਰ-ਪਟਾ ਲਿਖਾਇਐ। ਬੱਚੇ ਜੋ ਕਰਦੇ ਕਰ ਲੈਣ ਦੇ। ਹੋਰ ਘੜੀ ਨੂੰ ਸਾਕ-ਸਬੰਧੀਆਂ ਆਉਣਾ ਸ਼ੁਰੂ ਹੋ ਜਾਣੈ, ਐਵੈਂ ਜੱਗ-ਹਸਾਈ ਨਾ ਕਰਾ। ਪਰ ਉਹ ਗੁੱਸੇ ਵਿੱਚ ਵਾਅ ਨੂੰ ਤਲਵਾਰਾਂ ਮਾਰ ਰਹੀ ਸੀ ਕਿ ਇਹ ਹੁੰਦੇ ਕੌਣ ਹਨ ਮੇਰੇ ਤੋਂ ਓਹਲਾ ਰੱਖ ਕੇ ਘਰ ਵਿੱਚ ਲੜਕੀ ਦੀ ਲੋਹੜੀ ਮਨਾਉਣ ਵਾਲ਼ੇ?ਮੈਂ ਆਪਣੇ ਤਿੰਨਾਂ ਮੁੰਡਿਆਂ ਦੀ ਲੋਹੜੀ ਪੂਰੀ ਧੂਮ ਧਾਮ ਨਾਲ ਮਨਾਈ ਸੀ। ਲੜਕਾ ਹੁੰਦਾ ਇਹ ਵੀ ਮਨਾ ਲੈਂਦੇ ਪਰ....

ਅਜੇ ਇਹ ਲਫ਼ਜ਼ ਉਹਦੇ ਮੂੰਹ ਵਿੱਚ ਹੀ ਸਨ ਕਿ ਛੋਟਾ ਪੁੱਤਰ ਗੁਰਿੰਦਰ ਜੋ ਕੱਲ੍ਹ ਦਾ ਆਪਣੇ ਦੋਸਤਾਂ ਨਾਲ਼ ਬਾਹਰ ਗਿਆ ਹੋਇਆ ਸੀ, ਨਸ਼ੇ 'ਚ ਧੁੱਤ ਡਿਗਦਾ ਢਹਿੰਦਾ ਵਿਹੜੇ ਵਿੱਚ ਆਉਂਦਾ ਦਿਸਿਆ। ਨਸੀਬ ਕੌਰ ਦੀ ਅਵਾਜ਼ ਸੁਣ ਕੇ ਸਿੱਧਾ ਉਹਨਾਂ ਦੇ ਕਮਰੇ ਵਿੱਚ ਹੀ ਆ ਗਿਆ ਅਤੇ ਕਹਿਣ ਲੱਗਾ ਕਿ ਮੈਨੂੰ ਪੈਸੇ ਚਾਹੀਦੇ ਹਨ। ਅਸੀਂ

ਦੋਸਤਾਂ ਮਿੱਤਰਾਂ ਨੇ ਰਲ਼ ਕੇ ਹੋਟਲ ਵਿੱਚ ਲੋਹੜੀ ਦੀ ਸ਼ਾਮ ਮਨਾਉਣੀ ਹੈ।

ਮੱਘਰ ਸਿੰਘ ਨੇ ਪੈਸੇ ਦੇਣ ਤੋਂ ਬੇਵੱਸੀ ਜ਼ਾਹਰ ਕਰਦਿਆਂ ਕਿਹਾ ਕਿ ਪੁੱਤ ਮੈਂ ਤਾਂ ਕਈ ਪਾਪੜ ਵੇਲ ਕੇ ਆੜ੍ਹਤੀਏ ਪਾਸੋਂ ਸਹਿਕਾਰੀ ਸਭਾ ਦੀ ਕਿਸਤ ਤਾਰਨ ਜੋਗੇ ਵਿਆਜ਼ੀ ਫੜ੍ਹ ਕੇ ਲਿਆਇਆਂ ਹਾਂ ਤਾਂ ਕਿ ਅੱਗੇ ਫ਼ਸਲ ਵਾਸਤੇ ਖਾਦ ਲਈ ਜਾ ਸਕੇ। ਇਹ ਸੁਣ ਕੇ ਗੁਰਿੰਦਰ ਇੱਕ ਦਮ ਅਲਮਾਰੀ ਵੱਲ ਵਧਿਆ ਅਤੇ ਪੈਸਿਆਂ ਵਾਲ਼ਾ ਥੈਲਾ ਚੁੱਕ ਕੇ ਬਾਹਰ ਨੂੰ ਤੁਰ ਪਿਆ। ਮੱਘਰ ਸਿੰਘ ਰੋਣਹਾਕਾ ਜਿਹਾ ਹੋ ਕੇ ਅਜੇ ਉਸ ਦੇ ਸਾਹਮਣੇ ਖਲੋਤਾ ਹੀ ਸੀ ਕਿ ਉਸ ਨੇ ਧੱਕਾ ਮਾਰ ਕੇ ਦਾਅੜ ਦੇਣੀ ਮੱਘਰ ਸਿੰਘ ਨੂੰ ਭੁੰਜੇ ਸੁੱਟ ਦਿੱਤਾ ਅਤੇ ਬਕੜਵਾਹ ਕਰਦਿਆਂ, 'ਸਰਕਾਰ ਆਂਹਦੀ ਆ ਕਰਜ਼ਾ ਮੁਆਫ਼ ਕਰ ਦੇਣੈ, ਇਹਨਾਂ ਨੂੰ ਪੁੱਠੇ ਪੰਗੇ ਲੈ ਕੇ ਤਾਰਨ ਦੀ ਪਈ ਏ....' ਪੈਸਿਆਂ ਵਾਲ਼ਾ ਥੈਲਾ ਲੈ ਕੇ ਤੇਜ਼ੀ ਨਾਲ਼ ਘਰੋਂ ਬਾਹਰ ਨਿੱਕਲ ਗਿਆ।

ਨਸੀਬ ਕੌਰ ਨੇ ਡਿੱਗੇ ਪਏ ਮੱਘਰ ਸਿੰਘ ਨੂੰ ਫੜ ਕੇ ਉਠਾਇਆ। ਲੱਥੀ ਪੱਗ ਨੂੰ ਸਿਰ ਉੱਪਰ ਬੰਨ੍ਹਦਿਆਂ, ਉਸ ਦੀ ਧੁਰ ਅੰਦਰੋਂ ਭੁੱਬ ਨਿੱਕਲ ਗਈ, "ਨਿੱਜ ਜੰਮਦੋਂ ਕੀ ਬੁੜ੍ਹਿਆ ਪਿਆ ਸੀ ਤੇਰੇ ਤੇਰੇ ਥਾਂ ਲੜਕੀ ਹੁੰਦੀ, ਧੱਕੇ ਤਾਂ ਨਾ ਮਾਰਦੀ।"

ਚੀਕ-ਚਿਹਾੜਾ ਸੁਣ ਕੇ ਸਾਰੇ ਘਰਦੇ ਵਾਹੋ-ਦਾਹੀ ਭੱਜਦੇ ਹੋਏ ਮੱਘਰ ਸਿੰਘ ਦੇ ਕਮਰੇ ਵਿੱਚ ਪਹੁੰਚੇ ਤਾਂ ਵੇਖ ਕੇ ਹੱਕੇ-ਬੱਕੇ ਰਹਿ ਗਏ। ਉਹ ਹੁਭਕੀਂ ਹੁਭਕੀਂ ਰੋ ਰਿਹਾ ਸੀ। ਕਮਰੇ ਵਿੱਚ ਸਨਾਟਾ ਛਾਇਆ ਹੋਇਆ ਸੀ। ਕੁਝ ਦੇਰ ਦੀ ਚੁੱਪ ਤੋਂ ਬਾਅਦ ਨਸੀਬ ਕੌਰ ਆਪਣੀ ਨੂੰਹ ਨੂੰ ਕਹਿਣ ਲੱਗੀ, ਪੁੱਤ! ਚਲੋ ਸਾਰੇ ਰਲ਼ ਮਿਲ਼ ਕੇ ਧੀ ਰਾਣੀ ਦੀ ਲੋਹੜੀ ਮਨਾਉਣ ਦੀ ਤਿਆਰੀ ਕਰੀਏ। ਹੋਰ ਘੜੀ ਪਲ਼ ਨੂੰ ਘਰ ਵਿੱਚ ਆਵਾਜਾਈ ਵਧ ਜਾਣੀ ਹੈ, ਆਪਾਂ ਪਹਿਲਾਂ ਹੀ ਬਹੁਤ।"

ਇਹ ਸੁਣ ਕੇ ਸਾਰੇ ਕਦੇ ਨਸੀਬ ਕੌਰ ਤੇ ਕਦੇ ਇੱਕ ਦੂਜੇ ਵੱਲ ਵੇਖਣ ਲੱਗੇ।

## 2. ਬਣਾਉਟੀ ਆਲ੍ਹਣੇ

ਪਿੰਡੋਂ ਅੱਧਾ ਕੁ ਕਿਲੋਮੀਟਰ ਦੀ ਵਿੱਥ ਤੇ ਬਣੇ ਸਰਕਾਰੀ ਹਾਈ ਸਕੂਲ ਨੂੰ ਪਹਿਲਾਂ ਤਾਂ ਧੂੜ-ਭਰਿਆ ਕੱਚਾ ਜਿਹਾ ਪਹਿਆ ਜਾਂਦਾ ਸੀ ਪਰ ਕੁਝ ਚਿਰ ਹੋਇਆ ਰਸਤੇ ਨੂੰ ਪੱਕਾ ਕਰ ਦਿੱਤਾ ਗਿਐ।

ਗਰਮੀ ਦੇ ਦਿਨਾਂ ਵਿੱਚ ਛੁੱਟੀ ਹੁੰਦਿਆਂ ਹੀ ਸਿਖ਼ਰ ਦੁਪਹਿਰ ਹੋਣ ਕਰਕੇ ਕੁਝ ਬੱਚੇ ਧਮਕੜੇ ਭੱਜਦੇ ਹੋਏ ਅਤੇ ਕੁਝ ਕਾਹਲ਼ੀ ਨਾਲ਼ ਘਰਾਂ ਨੂੰ ਆਉਂਦੇ ਪਰ ਨਿੱਕੀਆਂ ਜਮਾਤਾਂ ਵਾਲ਼ੇ ਬਸਤਾ ਭਾਰੀ ਹੋਣ ਕਰਕੇ ਮਸਾਂ ਕੱਛੂਕੁੰਮੇ ਦੀ ਤੋਰ ਤੁਰਦਿਆਂ ਪੈਰ ਘੜੀਸਦੇ ਪਸੀਨੋ-ਪਸੀਨੀ ਹੋਏ ਘਰ ਪਹੁੰਚਦੇ। ਰਸਤੇ ਵਿੱਚ ਸੂਰਜ ਦੀ ਤਪਸ ਨਾਲ਼ ਉਹਨਾਂ ਦੇ ਮੂੰਹ

ਲਾਲੋ-ਲਾਲ ਹੋਏ ਹੁੰਦੇ ਪਰ ਨਿੱਤ ਦਿਹਾੜੀ ਸਕੂਲ ਤਾਂ ਜਾਣਾ ਹੀ ਪੈਂਦਾ ਸੀ।

ਸਾਧਾ ਸਿੰਘ ਦੇ ਖੇਤ ਸਕੂਲ ਅਤੇ ਪਿੰਡ ਦੇ ਵਿਚਕਾਰ ਹੋਣ ਕਰਕੇ ਉਹ ਰੋਜ਼ਾਨਾ ਆਪਣੇ ਟਿਊਬਵੈੱਲ ਦੁਆਲ਼ੇ ਡੇਕਾਂ ਦੀ ਸੰਘਣੀ ਛਾਂ ਹੇਠ ਬੈਠਾ, ਬੱਚਿਆਂ ਨੂੰ ਟਿਕਟਿਕੀ ਲਾ ਕੇ ਵੇਖਦਾ ਰਹਿੰਦਾ ਅਤੇ ਡੂੰਘੀਆਂ ਸੋਚਾਂ ਵਿੱਚ ਪਿਆ ਰਹਿੰਦਾ।

ਬਰਸਾਤ ਦੇ ਮੌਸਮ ਵਿੱਚ ਉਹਨੇ ਵੇਖਿਆ ਕਿ ਡੇਕਾਂ ਦੀਆਂ ਕਟੋਨੀਆਂ ਥੱਲੇ ਡਿੱਗ ਡਿੱਗ ਕੇ ਪਨੀਰੀ ਉੱਗੀ ਹੋਈ ਹੈ। ਇਹ ਵੇਖ ਕੇ ਉਹਨੂੰ ਚਾਅ ਚੜ੍ਹ ਗਿਆ। ਉਸ ਨੇ ਟਿਊਬਵੈੱਲ ਵਾਲ਼ੇ ਅੰਦਰੋਂ ਰੰਬਾ ਲਿਆ ਅਤੇ ਕੁਝ ਪੌਦਿਆਂ ਨੂੰ ਖੱਗੇ ਪਾ ਕੇ ਰੱਖ ਲਏ। ਜਦੋਂ ਸਕੂਲੋਂ ਛੁੱਟੀ ਹੋ ਗਈ ਤਾਂ ਉਹਨਾਂ ਨੂੰ ਬਾਲਟੇ ਵਿੱਚ ਰੱਖ ਰੱਖ ਕੇ ਰੰਬੇ ਨਾਲ਼ ਸਕੂਲ ਦੇ ਰਸਤੇ ਦੇ ਇੱਕ ਪਾਸੇ ਥੋੜ੍ਹੀ ਥੋੜ੍ਹੀ ਵਿੱਥ ਤੇ ਲਾਉਣਾ ਸ਼ੁਰੂ ਕਰ ਦਿੱਤਾ। ਦੋ ਤਿੰਨ ਦਿਨਾਂ ਵਿੱਚ ਉਹਨੇ ਸਾਰੇ ਪੌਦੇ ਪੁੱਟ ਕੇ ਰਸਤੇ ਤੇ ਲਗਾ ਦਿੱਤੇ। ਬਰਸਾਤ ਦਾ ਮੌਸਮ ਹੋਣ ਕਰਕੇ ਪਾਣੀ ਕੁਦਰਤੀ ਪੈ ਜਾਂਦਾ ਸੀ। ਕਦੇ ਕਦੇ ਲੋੜ ਮੁਤਾਬਕ ਆਪਣੇ ਟਿਊਬਵੈੱਲ ਤੋਂ ਬਾਲਟੀਆਂ ਭਰ ਭਰ ਵੀ ਪਾ ਦੇਂਦਾ।

ਆਪਣੇ ਪੌਦੇ ਲਾਉਣ ਤੋਂ ਬਾਅਦ ਸਾਧਾ ਸਿੰਘ ਨੇ ਸਵੇਰੇ ਸ਼ਾਮ ਦੋਵ੍ਹੇਂ ਵੇਲ਼ੇ ਰੰਬਾ ਬਾਲਟਾ ਲੈ ਕੇ ਸਾਈਕਲ ਉੱਪਰ ਘੁੰਮਣਾ ਸ਼ੁਰੂ ਕਰ ਦਿੱਤਾ। ਆਂਢ-ਗਵਾਂਢ, ਦੂਰ-ਦੁਰਾਡੇ ਜਿੱਥੇ ਵੀ ਉਹਨੂੰ ਆਪੇ ਉੱਗੇ ਪੌਦੇ ਦਿਸਦੇ ਉਸ ਦੇ ਮਾਲਕ ਨੂੰ ਪੁੱਛ ਕੇ ਪੌਦੇ ਲਿਆ ਕੇ ਰਸਤੇ ਤੇ ਲਾ ਦੇਂਦਾ। ਕੋਈ ਵੀ ਉਸ ਨੂੰ ਇਸ ਨੇਕ ਕੰਮ ਤੋਂ ਨਾਂਹ ਨਾ ਕਰਦਾ।

ਸਾਰੇ ਪਿੰਡ ਵਿੱਚ ਉਸ ਦੇ ਇਸ ਕੰਮ ਦੀ ਚਰਚਾ ਹੋਣ ਲੱਗ ਪਈ। ਜਿਸ ਕਿਸੇ ਦੇ ਵੀ ਖੇਤ ਵਿੱਚ ਪੌਦਾ ਉੱਗਿਆ ਨਜ਼ਰ ਆਉਂਦਾ, ਉਹ ਆਪ ਹੀ ਸਾਧਾ ਸਿੰਘ ਨੂੰ ਦੱਸ ਦੇਂਦਾ ਤੇ ਸਾਧਾ ਸਿੰਘ ਲਿਆ ਕੇ ਸਕੂਲ ਦੇ ਰਸਤੇ ਤੇ ਲਾ ਦੇਂਦਾ। ਇਸ ਤਰ੍ਹਾਂ ਉਹਨੇ ਕੁਝ ਮਹੀਨਿਆਂ ਵੱਚ ਹੀ ਸਕੂਲ ਵਾਲ਼ੇ ਰਸਤੇ ਦੇ ਦੋਵ੍ਹੇਂ ਪਾਸੇ ਪੌਦੇ ਲਗਾ ਕੇ ਭਰ ਦਿੱਤੇ ਅਤੇ ਬਿਨਾਂ ਨਾਗਾ ਪੌਦਿਆਂ ਦੀ ਸਾਂਭ-ਸੰਭਾਲ਼ ਕਰਨੀ ਸ਼ੁਰੂ ਕਰ ਦਿੱਤੀ।

ਕੁਝ ਸਾਲਾਂ ਬਾਅਦ ਪੌਦੇ ਵੱਡੇ ਹੋ ਕੇ ਦਰਖ਼ਤਾਂ ਦਾ ਰੂਪ ਧਾਰਨ ਕਰ ਗਏ ਅਤੇ ਉਹਨਾਂ ਨੇ ਰਸਤੇ ਨੂੰ ਦੋਵ੍ਹਾਂ ਪਾਸਿਆਂ ਤੋਂ ਢੱਕ ਲਿਆ। ਸਕੂਲ ਤੋਂ ਪਿੰਡ ਤੱਕ ਸੰਘਣੀ ਛਾਂ ਨੇ ਆਲ਼ੇ-ਦੁਆਲ਼ੇ ਬੱਲੇ ਬੱਲੇ ਕਰਵਾ ਦਿੱਤੀ। ਛੁੱਟੀ ਹੋਣ ਤੇ ਹੁਣ ਬੱਚੇ ਮਜ਼ੇ ਨਾਲ਼ ਘਰ ਪਹੁੰਚਦੇ। ਅੱਧੀ ਛੁੱਟੀ ਵੇਲ਼ੇ ਵੀ ਬੱਚੇ ਅਤੇ ਅਧਿਆਪਕ ਸੰਘਣੀ ਛਾਂ ਹੇਠ ਘੁੰਮਦੇ ਰਹਿੰਦੇ। ਕਦੇ ਕਦਾਈਂ ਪਿੰਡ ਦੇ ਲੋਕ ਵੀ ਗਰਮੀ ਤੋਂ ਨਜ਼ਾਤ ਪਾਉਣ ਵਾਸਤੇ ਚੱਕਰ ਮਾਰ ਆਉਂਦੇ। ਭਾਂਤ ਭਾਂਤ ਦੇ ਪਰਿੰਦਿਆਂ ਨੇ ਆਲ੍ਹਣੇ ਪਾ ਕੇ ਇਹਨਾਂ ਦਰਖ਼ਤਾਂ ਦੇ ਝੁੰਡ ਨੂੰ ਆਪਣਾ ਰੈਣ-ਬਸੇਰਾ ਬਣਾ ਲਿਆ।

ਇਹ ਸਭ ਦੇਖ ਕੇ ਸਾਧਾ ਸਿੰਘ ਨੂੰ ਸਕੂਨ ਮਿਲਦਾ ਅਤੇ ਛੁੱਟੀ ਹੋਣ ਤੇ ਉਹ ਇੱਕ ਪਾਸੇ ਤੋਂ ਦੂਜੇ ਪਾਸੇ ਤੱਕ ਹੌਲ਼ੀ ਹੌਲ਼ੀ ਤੁਰਦਾ ਫਿਰਦਾ ਰਹਿੰਦਾ ਜਾਂ ਉੱਥੇ ਬੈਠ ਜਾਂਦਾ।

ਇੱਕ ਦਿਨ ਉਸ ਨੇ ਵੇਖਿਆ ਕਿ ਕਈ ਬੱਚਿਆਂ ਦੇ ਹੱਥਾਂ ਵਿੱਚ ਲੱਕੜ ਦੇ ਬਣੇ ਆਲ੍ਹਣੇ ਫੜੇ ਹੋਏ ਹਨ। ਪੁੱਛਣ ਤੇ ਪਤਾ ਲੱਗਾ ਕਿ ਸਕੂਲ ਵਿੱਚ ਇੱਕ ਸਮਾਜ-ਸੇਵੀ ਸੰਸਥਾ ਨੇ ਇਹ ਆਲ੍ਹਣੇ ਪੰਛੀਆਂ ਲਈ ਬਿਜਲੀ ਦੇ ਖੰਭਿਆਂ ਜਾਂ ਹੋਰ ਥਾਵਾਂ ਤੇ ਟੰਗਣ ਵਾਸਤੇ ਵੰਡੇ ਹਨ।

ਇੱਕ ਬੱਚਾ ਸਾਧਾ ਸਿੰਘ ਕੋਲ਼ ਆਇਆ ਅਤੇ ਪੁੱਛਣ ਲੱਗਾ, ...ਬਾਬਾ ਜੀ! ਕੀ ਪੰਛੀਆਂ ਨੂੰ ਆਪਣੇ ਆਲ੍ਹਣੇ ਨ੍ਹੀਂ ਬਣਾਉਣੇ ਆਉਂਦੇ? ਜੇ ਇਹ ਆਲ੍ਹਣੇ ਖੰਭਿਆਂ ਨਾਲ਼ ਟੰਗ ਦਿੱਤੇ ਤਾਂ ਇਹ ਤਪਸ ਅਤੇ ਹੁੰਮਸ ਤੋਂ ਪੰਛੀਆਂ ਦਾ ਕਿਵੇਂ ਬਚਾਅ ਕਰਨਗੇ?"

ਬੱਚੇ ਦੀ ਗੱਲ ਸੁਣ ਕੇ ਸਾਧਾ ਸਿੰਘ ਸੋਚ ਰਿਹਾ ਸੀ ਕਿ ਕਾਸ਼!ਇਹ ਸੰਸਥਾ ਵਾਲ਼ੇ ਬਣਾਉਟੀ ਆਲ੍ਹਣਿਆਂ ਦੀ ਥਾਂ ਛਾਂਦਾਰ ਪੌਦੇ ਵੰਡਦੇ ....ਦਰੱਖ਼ਤ ਹੋਣਾ ਚਾਹੀਦੈ.. ਆਲ੍ਹਣਾ ਤਾਂ ਪੰਛੀ ਨੇ ਆਪੇ ਬਣਾ ਲੈਣਾ ਹੈ ਅਤੇ...।

# ਖੱਬੇ ਪੱਖੀ ਵਿਚਾਰਧਾਰਾ ਨੂੰ ਸਮਰਪਿਤ ਕਹਾਣੀਕਾਰ ਅਤੇ ਵਾਰਤਕ-ਕਾਰ ਜਸਵਿੰਦਰ ਸਿੰਘ ਮਾਣੋਚਾਹਲ

**#9463613035**



ਜਸਵਿੰਦਰ ਸਿੰਘ 'ਮਾਣੋਚਾਹਲ' ਇਕ ਅਜਿਹਾ ਲੇਖਕ ਹੈ ਜੋ ਲੰਮੇ ਸਮੇਂ ਤੋਂ ਖੱਬੇ-ਪੱਖੀ ਵਿਚਾਰਧਾਰਾ ਨਾਲ ਜੁੜਿਆ ਰਿਹਾ ਹੈ। ਉਹ ਬਤੌਰ ਅਧਿਆਪਕ ਸਰਕਾਰੀ ਨੌਂਕਰੀ ਕਰਦਿਆਂ ਪੰਜਾਬ ਦੇ ਮੁਲਾਜ਼ਮਾਂ ਅਤੇ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਤੇ ਮਸਲਿਆਂ ਲਈ ਸਰਕਾਰਾਂ ਵਿਰੁੱਧ ਲਗਾਤਾਰ ਸੰਘਰਸ਼ ਕਰਦਾ ਰਿਹਾ ਹੈ। ਮੁਲਾਜ਼ਮ-ਜਥੇਬੰਦੀਆਂ ਦੇ ਸੰਘਰਸ਼ ਰਾਹੀਂ ਉਹਨੇ ਪੰਜਾਬ ਦੇ ਮੁਲਾਜ਼ਮਾਂ ਨੂੰ ਵਧੀਆ ਤਨਖ਼ਾਹ ਸਕੇਲ ਤੇ ਸਹੂਲਤਾਂ ਦਿਵਾਉਣ ਲਈ ਆਪਣਾ ਬਣਦਾ ਯੋਗਦਾਨ ਪਾਇਆ ਹੈ। ਸਾਹਿਤ ਰਚਨਾ ਦਾ ਕਾਰਜ ਉਹਨੇ ਆਪਣੀ ਸੇਵਾ-ਮੁਕਤੀ ਤੋਂ ਬਾਅਦ ਸ਼ੁਰੂ ਕੀਤਾ ਹੈ। ਇਸ ਵੇਲ਼ੇ ਵੀ ਉਹ ਪੈਨਸ਼ਨਰਜ਼ ਯੂਨੀਅਨ ਦਾ ਆਗੂ ਹੋਣ ਕਾਰਨ ਪੈਨਸ਼ਨਰਾਂ ਦੇ ਹੱਕਾਂ-ਹਿੱਤਾਂ ਦੀ ਰਾਖੀ ਕਰਨ ਲਈ ਯਤਨਸ਼ੀਲ ਹੈ ਅਤੇ ਉਹਨਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦੇ ਕੇ ਚੇਤਨ ਕਰਨ ਦਾ ਫ਼ਰਜ਼ ਨਿਭਾ ਰਿਹਾ ਹੈ।

ਜਸਵਿੰਦਰ ਸਿੰਘ ਦਾ ਜਨਮ 17.09.1954 ਨੂੰ ਪਿਤਾ ਸ੍ਰ ਨਰੰਜਣ ਸਿੰਘ ਅਤੇ ਮਾਤਾ ਸ੍ਰੀ ਮਤੀ ਗੁਰਬਚਨ ਕੌਰ ਦੇ ਘਰ ਪਿੰਡ ਮਾਣੋਚਾਹਲ ਕਲਾਂ ਜ਼ਿਲ੍ਹਾ ਤਰਨਤਾਰਨ ਵਿਚ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਕਰਕੇ ਦਸਵੀਂ ਉਹਨੇ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ (ਹੁਣ ਸੀਨੀਅਰ ਸੈਕੰਡਰੀ) ਸਕੂਲ ਅਗਾੜਾ-ਪਿਛਾੜਾ (ਤਰਨਤਾਰਨ) ਤੋਂ ਕੀਤੀ। ਬੀ.ਏ. ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਕਾਲਜ ਤੋਂ ਕਰਕੇ ਉਹਨੇ ਸਰਕਾਰੀ ਜੇ.ਬੀ.ਟੀ. ਟ੍ਰੇਨਿੰਗ ਸੰਸਥਾ ਵੇਰਕਾ ਤੋਂ ਜੇ.ਬੀ.ਟੀ. ਪਾਸ ਕੀਤੀ। ਸਵਾ ਦੋ ਸਾਲ ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਸੇਵਾ ਕਰਨ ਪਿੱਛੋਂ ਉਹਦੀ ਨਿਯੁਕਤੀ 8 ਜਨਵਰੀ 1982 ਨੂੰ ਪੰਜਾਬੀ ਟੀਚਰ ਵਜੋਂ ਸਰਕਾਰੀ

ਸਕੂਲ ਵਿੱਚ ਹੋ ਗਈ। ਸਰਕਾਰੀ ਨੌਂਕਰੀ ਦੌਰਾਨ ਹੀ ਉਹਨੇ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਤੋਂ ਬੀ.ਐੱਡ. ਕਰ ਲਈ ਅਤੇ 30 ਸਾਲ ਤੋਂ ਵੱਧ ਸੇਵਾ ਕਰਨ ਉਪ੍ਰੰਤ ਸੇਵਾ-ਮੁਕਤ ਹੋਇਆ।

ਜਸਵਿੰਦਰ ਮਾਣੋਚਾਹਲ ਦੀ ਸ਼ਾਦੀ 1983 ਵਿੱਚ ਸ੍ਰੀਮਤੀ ਬਲਜੀਤ ਕੌਰ ਨਾਲ ਹੋਈ ਜੋ ਚਾਰ ਸਾਲ ਪਹਿਲਾਂ ਆਯੁਰਵੈਦਿਕ ਵਿਭਾਗ ਵਿੱਚ ਟਰੇਂਡ-ਦਾਈ ਦੀ ਪੋਸਟ ਤੋਂ ਸੇਵਾ-ਮੁਕਤ ਹੋਈ ਹੈ। ਉਸਦਾ ਪੁੱਤਰ ਅਮਨ ਚਾਹਲ ਵੀ ਕਵੀ ਤੇ ਗੀਤਕਾਰ ਵਜੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਿਹਾ ਹੈ। ਬੇਟਾ ਆਯੁਰਵੈਦਿਕ ਵਿਭਾਗ ਵਿੱਚ ਬਤੌਰ ਉੱਪਵੈਦ (ਫ਼ਾਰਮਾਸਿਸਟ) ਸਰਕਾਰੀ ਨੌਂਕਰ ਕਰ ਰਿਹਾ ਹੈ ਅਤੇ ਸ਼ਾਦੀ-ਸ਼ੁਦਾ ਹੈ। ਕਵੀ ਹੋਣ ਕਰਕੇ ਇਸ ਸੰਗ੍ਰਹਿ ਵਿੱਚ ਉਹਦਾ ਵੱਖਰੇ ਤੌਰ ਤੇ ਵੀ ਵਰਨਣ ਕੀਤਾ ਗਿਆ ਹੈ। ਬੇਟੀ ਕੰਵਲਪ੍ਰੀਤ ਕੌਰ ਵੀ ਵਿਆਹੀ ਹੋਈ ਹੈ ਅਤੇ ਅੰਗਰੇਜ਼ੀ ਮਿਸਟ੍ਰੈੱਸ ਦੀ ਪੋਸਟ ਤੇ ਸਰਕਾਰੀ ਸਕੂਲ ਵਿੱਚ ਪੜ੍ਹਾਉਂਦੀ ਹੈ। ਇਸ ਵੇਲ਼ੇ ਉਹ ਪਾਰਕ ਐਵੇਨਿਊ, ਨਜ਼ਦੀਕ ਸ਼ੈੱਲਰ ਹਰੀ ਰਾਮ, ਤਰਨਤਾਰਨ ਵਿਖੇ ਰਹਿੰਦਾ ਹੈ।

ਸੇਵਾ-ਮੁਕਤੀ ਉਪ੍ਰੰਤ ਪੰਜਾਬੀ ਸਾਹਿਤਕਾਰ ਜਸਬੀਰ ਝਬਾਲ ਦੀ ਪ੍ਰੇਰਨਾ ਨਾਲ਼ ਕਹਾਣੀ-ਰਚਨਾ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਉਹ ਕਦੇ ਕਦਾਈਂ ਅਗਾਂਹ-ਵਧੂ ਨਿਬੰਧ ਲਿਖ ਕੇ ਲੋਕ ਲਹਿਰ ਤੇ ਦੇਸ਼ ਸੇਵਕ ਅਖ਼ਬਾਰ ਵਿੱਚ ਹਾਜ਼ਰੀ ਲਵਾਉਂਦਾ ਰਿਹਾ ਸੀ। ਬਾਅਦ ਵਿੱਚ ਜਸਬੀਰ ਝਬਾਲ ਰਾਹੀਂ ਉਹਦੀਆਂ ਕਹਾਣੀਆਂ ਪੰਜਾਬੀ ਤ੍ਰੈਮਾਸਿਕ 'ਸਤਰੰਗੀ', ਮਾਸਕ 'ਪੰਜ ਦਰਿਆ' ਅਤੇ ਤ੍ਰੈਮਾਸਿਕ 'ਪਰਵਾਜ਼' ਦਾ ਵੀ ਸ਼ਿੰਗਾਰ ਬਣਨ ਲੱਗੀਆਂ। ਹੁਣ ਤੱਕ ਉਹ ਚਾਰ ਪੁਸਤਕਾਂ (ਵਰਦੀ ਦਾ ਮੁੱਲ, ਮੈਂ ਜਾਣਿਆ ਦੁਖ ਮੁਝ ਕੋ, ਬਦਲੇ ਰੰਗ ਪੰਜਾਬ ਦੇ ਅਤੇ ਮੇਰਾ ਪਿੰਡ ਤੇ ਮੇਰੇ ਲੋਕ) ਛਪਵਾ ਕੇ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕਾ ਹੈ ਤੇ ਪੰਜਵੀਂ ਪੁਸਤਕ 'ਦਲਦਲ' ਵੀ ਛਪ ਗਈ ਹੈ। ਇਹਨਾਂ ਵਿੱਚ ਦੋ ਕਹਾਣੀ-ਸੰਗ੍ਰਹਿ ਅਤੇ ਤਿੰਨ ਵਾਰਤਕ ਦੀਆਂ ਹਨ। ਉਹ ਕਦੇ ਕਦੇ ਕਵਿਤਾ ਰਾਹੀਂ ਵੀ ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦਾ ਹੈ। ਜਸਵਿੰਦਰ ਸਿੰਘ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨਤਾਰਨ ਦਾ ਸਰਗਰਮ ਮੈਂਬਰ ਹੈ ਅਤੇ ਉਹ ਕੇਂਦਰ ਦੀ ਹਰ ਮੀਟਿੰਗ ਜਾਂ ਸਰਗਰਮੀ ਵਿੱਚ ਸ਼ਾਮਲ ਹੁੰਦਾ ਹੈ। ਮੈਂ ਉਹਦੀ ਤੰਦਰੁਸਤੀ ਭਰੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ ਤਾਂ ਜੋ ਉਹ ਪੰਜਾਬੀ ਸਾਹਿਤ ਦੀ ਹੋਰ ਸੇਵਾ ਕਰ ਸਕੇ।

**ਜਸਵਿੰਦਰ ਸਿੰਘ ਢਿੱਲੋਂ**

ਪੇਸ਼ ਹਨ ਜਸਵਿੰਦਰ ਮਾਣੋਚਾਹਲ ਦੀਆਂ ਕੁਝ ਅਣਛਪੀਆਂ ਕਵਿਤਾਵਾਂ :-

## 1. ਬਾਬਾ ਨਾਨਕਾ ਤੇਰੇ ਅਵਤਾਰ ਦਿਨ ਤੇ

ਬਾਬਾ ਨਾਨਕਾ ਤੇਰੇ ਅਵਤਾਰ ਦਿਨ ਤੇ, ਕਰਾਂ ਯਾਦ ਫਿਰ ਕਿਧਰੇ ਆ ਬਾਬਾ ।
ਵੇਖ ਆ ਕੇ ਵਹਿਮਾਂ 'ਚ ਪਈ ਦੁਨੀਆਂ, ਗਿਆ ਕੂੜ ਹਨੇਰਾ ਫਿਰ ਛਾ ਬਾਬਾ ।
ਬਾਣੀ ਪੜ੍ਹਦੇ ਤੇ ਮੱਥਾ ਵੀ ਟੇਕਦੇ ਹਾਂ, ਐਪਰ ਮਨ ਨੂੰ ਨਹੀਂ ਟਿਕਾਅ ਬਾਬਾ ।
ਬੇਈਮਾਨੀ ਤੇ ਝੂਠ ਦਾ ਬੋਲਬਾਲਾ, ਸਾਡਾ ਬਦਲਿਆ ਨਹੀਂ ਸੁਭਾਅ ਬਾਬਾ ।

ਤੂੰ ਤਾਂ ਰਾਹ ਦਿਖਾਉਣ ਲਈ ਸੱਚ ਵਾਲ਼ਾ, ਸਾਰਾ ਦੇਸ਼-ਵਿਦੇਸ਼ ਸੀ ਗਾਹ ਦਿੱਤਾ।
ਵਲ਼ ਕੱਢ ਕੇ ਵਲ਼ੀ ਕੰਧਾਰੀਆਂ ਦੇ, 'ਸੱਜਣ ਠੱਗਾਂ' ਨੂੰ ਸੱਜਣ ਬਣਾ ਦਿੱਤਾ ।
ਨਾਮ ਜਪਣ ਨਾਲ਼ ਦੱਸਿਆ ਕਿਰਤ ਕਰਨਾ, ਵੰਡ ਛਕਣ ਦਾ ਹੁਕਮ ਸੁਣਾ ਦਿੱਤਾ।
ਕਾਮ, ਕ੍ਰੋਧ, ਹੰਕਾਰ ਤੇ ਪਾ ਕਾਬੂ, ਮੋਹ ਮਾਇਆ ਤੋਂ ਬਚਣ ਦਾ ਰਾਹ ਦਿੱਤਾ ।

ਰਾਜੇ ਪਾਪ ਕਮਾਂਵਦੇ ਵੇਖ ਬਾਬਾ, ਉਲਟੀ ਵਾੜ ਬਣ ਖੇਤ ਨੂੰ ਖਾਈ ਜਾਂਦੇ ।
ਨਸ਼ੇ ਵੰਡਦੇ ਕਿਰਤ ਦੀ ਲੁੱਟ ਕਰਦੇ, ਰੇਤਾ-ਬੱਜਰੀ ਸਭ ਕੁਝ ਖਾਈ ਜਾਂਦੇ ।
ਵਾਰਸ ਲਾਲੋ ਦੇ ਮਾਰਦੇ ਫਿਰਨ ਤਰਲੇ, ਇਹ ਤਾਂ ਭਾਗੋ ਨੂੰ ਘਰ ਲੁਟਾਈ ਜਾਂਦੇ ।
ਰਾਜੇ ਸ਼ੀਂਹ, ਮੁਕੱਦਮ ਸਭ ਹੋਏ ਕੁੱਤੇ, ਅੰਨ੍ਹੀ ਪੀਂਹਦੀ ਤੇ ਕੁੱਤੇ ਨੇ ਖਾਈ ਜਾਂਦੇ ।

ਤੂੰ ਤਾਂ ਹਿੱਕ ਨਾਲ਼ ਲਾਇਆ ਮਰਦਾਨਿਆਂ ਨੂੰ, ਇੱਥੇ ਉਹਨਾਂ ਦੀ 'ਵਾਜ਼ ਦਬਾਈ ਬਾਬਾ।
ਤੂੰ ਤਾਂ ਗੱਲ ਮੁਕਾਈ ਨਾ ਆਪਣੇ ਤੇ, ਪਿੱਛੋਂ ਸਿੱਖੀ ਦੀ ਲੀਹ ਚਲਾਈ ਬਾਬਾ ।
ਊਚ-ਨੀਚ ਤੇ ਦੂਈ-ਦਵੈਤ ਵਾਲ਼ੀ, ਤੇਰੀ ਸਿੱਖਿਆ ਸਾਨੂੰ ਨਾ ਭਾਈ ਬਾਬਾ ।
ਬਣੇ ਸੰਧੂ, ਬਰਾੜ, ਗਿੱਲ, ਚਾਹਲ, ਅਸੀਂ ਜੈਤੇ ਦੀ ਭੁੱਲੇ ਕਮਾਈ ਬਾਬਾ ।

## 2. ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਪੁਰਬ 'ਤੇ

ਮੇਰੇ ਸਤਿਗੁਰਾ !
ਅਸੀਂ ਕੁਝ ਵੀ ਨਹੀਂ ਭੁੱਲੇ,
ਨਾ ਤੇਰਾ ਪ੍ਰਕਾਸ਼-ਪੁਰਬ ਤੇ ਨਾ ਜੋਤੀ-ਜੋਤ ਦਿਵਸ,
ਨਾ ਕੋਈ 300 ਸਾਲਾ ਤੇ 350 ਸਾਲਾ,
ਸਾਰੇ ਪੁਰਬ ਭੜੀ ਧੂਮ-ਧਾਮ ਤੇ ਸ਼ਾਨੋ-ਸ਼ੌਕਤ ਨਾਲ਼ ਮਨਾਉਂਦੇ ਹਾਂ।

ਨਾ ਹੀ ਭੁੱਲਿਆ ਹੈ ਸਾਨੂੰ,
ਤੇਰਾ ਨੌਂ ਸਾਲ ਦੀ ਉਮਰੇ ਬਾਪੂ ਨੂੰ ਦਿੱਲੀ ਤੋਰਨਾ,
ਅਜੇ ਵੀ ਯਾਦ ਹੈ ਸਾਨੂੰ
ਆਨੰਦਪੁਰ ਦੀ ਧਰਤੀ ਤੇ ਜ਼ੁਲਮ ਵਿਰੁੱਧ ਜੂਝਣ ਵਾਲ਼ੇ ਖ਼ਾਲਸੇ ਦੀ ਸਿਰਜਨਾ।
ਕਦੇ ਸਾਨੂੰ ਭੰਗਾਣੀ ਦਾ ਯੁੱਧ ਯਾਦ ਆਉਂਦੈ,
ਤੇ ਕਦੇ ਆਨੰਦਪੁਰ ਨੂੰ ਪਿਆ ਦੁਸ਼ਮਣ ਦਾ ਘੇਰਾ।
ਅਤੇ ਚਮਕੌਰ ਦੀ ਗੜ੍ਹੀ ਅਸੀਂ ਕਿਵੇਂ ਭੁੱਲ ਸਕਦੇ ਹਾਂ
ਜਿੱਥੇ ਚਾਲ਼ੀ ਹਜ਼ਾਰ ਨੂੰ ਚਾਲ਼ੀਆਂ ਨੇ ਦਿੱਤੀ ਸੀ ਮਾਤ,
ਤੇ ਇਤਿਹਾਸ ਦਾ ਅੰਗ ਬਣ ਗਈ ਸੀ ਇੱਕ ਅਸਾਵੀਂ ਜੰਗ।
ਨਾ ਹੀ ਭੁੱਲਿਆ ਹੈ ਸਾਨੂੰ ਸਰਸਾ ਦੇ ਉਸ ਪਾਰ,
ਹਾਲਾਤਾਂ ਦੀ ਹਨੇਰੀ ਵਿੱਚ ਉੱਡਿਆ ਤੇਰਾ ਸਰਬੰਸ।
ਭਲਾ ਕਿਵੇਂ ਭੁੱਲ ਸਕਦੇ ਹਾਂ ਅਸੀਂ ਸਰਹੰਦ ਨੂੰ,
ਜਿੱਥੇ ਨਿੱਕੀ ਉਮਰੇ ਦੋ ਬਾਲਾਂ ਨੇ ਵੰਗਾਰਿਆ ਸੀ ਬੁੱਢ-ਵਰੇਸਾਂ ਨੂੰ?
ਸਾਨੂੰ ਮਾਛੀਵਾੜਾ ਵੀ ਬੜਾ ਯਾਦ ਆਉਂਦੈ
ਤੇ ਦੀਨਾ ਕਾਂਗੜ ਵੀ,
ਤੇਰੀ ਕਲਮ ਦੀ ਤਾਕਤ ਵੀ ਤੇ ਔਰੰਗੇ ਦੀ ਨਮੋਸ਼ੀ-ਭਰੀ ਮੌਤ ਵੀ।
ਸਾਨੂੰ ਆਪਣੇ ਬੇਦਾਵੇ ਦੀ ਯਾਦ ਵੀ ਆਉਂਦੀ ਹੈ,
ਤੇ ਖਿਦਰਾਣੇ ਦੀ ਢਾਬ ਵੀ।
ਕਿਵੇਂ ਭੁੱਲਾਂਗੇ ਦਾਤਾ! ਤੇਰੇ ਪਰ-ਉਪਕਾਰ ਨੂੰ?
ਲੰਬੇ ਸਫ਼ਰ ਪਿੱਛੋਂ ਨੰਦੇੜ ਜਾ, ਬਹਾਦਰ ਬੰਦੇ ਨੂੰ
ਸੌਂਪਣੀ ਦੁਸ਼ਟਾਂ ਨੂੰ ਸੋਧਣ ਦੀ ਜ਼ਿੰਮੇਵਾਰੀ,
ਸਭ ਕੁਛ ਯਾਦ ਹੈ ਸਾਨੂੰ, ਕੁਝ ਵੀ ਨਹੀਂ ਭੁੱਲਿਆ।
ਜੇ ਭੁੱਲਿਆ ਹੈ ਤਾਂ ਤੇਰਾ 'ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ'
ਅਤੇ 'ਸ਼ੁਭ ਕਰਮਨ' ਤੋਂ ਕਦੇ ਵੀ ਨਾ ਟਲਣ ਦਾ ਫਿਲਸਫ਼ਾ,
ਤੇ ਜਾਂ ਫਿਰ ਅੰਮ੍ਰਿਤ ਦੀ ਦਾਤ ਰਾਹੀਂ ਮਨੁੱਖੀ ਬਰਾਬਰੀ ਦਾ ਹੋਕਾ।
ਤੂੰ ਤਾਂ ਲੜੀ ਸੀ ਕੇਵਲ ਜ਼ੁਲਮ ਖ਼ਿਲਾਫ਼ ਜੰਗ
ਤੇ ਨਹੀਂ ਕੀਤਾ ਸੀ ਕਬਜ਼ਾ ਕਿਸੇ ਦੀ ਚੱਪਾ ਵੀ ਥਾਂ ਤੇ,
ਪਰ ਅਸੀਂ ਤਾਂ ਭੁੱਲੇ ਨਹੀਂ ਭਟਕ ਹੀ ਗਏ ਸਾਂ,
ਨਨਕਾਣਾ ਤਾਂ ਸਾਥੋਂ ਪਹਿਲਾਂ ਹੀ ਖੁੱਸ ਗਿਆ ਸੀ,
ਅਸੀਂ ਤਾਂ ਪਟਨਾ ਤੇ ਨੰਦੇੜ ਵੀ ਗਵਾ ਲੈਣ ਲੱਗੇ ਸਾਂ,

ਮੇਰੇ ਸਤਿਗੁਰਾ! ਤੂੰ ਸਾਡੀਆਂ ਭੁੱਲਾਂ ਬਖ਼ਸ਼ੀਂ,
ਤੇ ਇਕੱਲਾ ਬਲ ਨਹੀਂ ਬੁੱਧ ਵੀ ਬਖ਼ਸ਼ੀਂ ਜ਼ਾਲਮਾਂ ਸੰਗ ਲੜਨ ਦੀ,
ਤੇ ਰੰਘਰੇਟਿਆਂ ਸੰਗ ਖੜਨ ਦੀ,
ਕਿਉਂਕਿ ਦਿੱਲੀ ਅੱਜ ਫਿਰ ਔਰੰਗੇ ਦੇ ਰਾਹਾਂ ਤੇ ਤੁਰ ਪਈ ਏ।

## 3. ਭੰਗ ਦੇ ਭਾੜੇ ਕਿਉਂ ਮਰਨਾ?

ਵਿੱਚ ਮੈਦਾਨੇ ਜੂਝਣ ਦੀ ਥਾਂ ਅੰਨ-ਦਾਤੇ,
ਭੰਗ ਦੇ ਭਾੜੇ ਜਾਨ ਗਵਾ ਕੇ ਕਿਉਂ ਮਰਨਾ?

ਹੁੰਦੀ ਬੇ-ਇਨਸਾਫ਼ੀ ਜੇਕਰ ਤੇਰੇ ਨਾਲ਼,
ਚੁੱਕ ਲੈ ਝੰਡਾ ਲਾਲ ਤੇ ਦੇਰੀ ਕਿਉਂ ਕਰਨਾ?

ਜਬਰ-ਜ਼ੁਲਮ ਜਦ ਹੱਦਾਂ-ਬੰਨੇ ਟੱਪ ਜਾਵੇ,
ਬਣ ਜਾਣਾ ਤਲਵਾਰ ਜਾਇਜ਼ ਹੈ, ਕਿਉਂ ਜਰਨਾ?

ਅੱਖਾਂ ਮੀਟਣ ਨਾਲ਼ ਨਾ ਖ਼ਤਰਾ ਘੱਟ ਹੁੰਦਾ,
ਬਿੱਲੀ ਸਾਹਵੇਂ ਦੇਖ ਕਬੂਤਰ ਕਿਉਂ ਬਣਨਾ?

ਖ਼ੁਦਕਸ਼ੀਆਂ ਨਾਲ਼ ਮਸਲਾ ਕੋਈ ਨਾ ਹੱਲ ਹੁੰਦਾ,
ਹਰ ਮੁਸ਼ਕਲ ਦਾ ਹੱਲ ਸੰਘਰਸ਼ ਹੀ ਪਊ ਕਰਨਾ।

ਜਾਨ ਗਵਾ ਡਰਪੋਕ ਕਹਾਉਣਾ ਚੰਗਾ ਨਹੀਂ,
ਦੱਸ ਗਏ ਦਸ਼ਮੇਸ਼ ਕਿ ਰਣ ਵਿੱਚ ਲੜ ਮਰਨਾ।

ਛੱਡ ਵਿਤਕਰੇ ਸਾਰੇ ਜਾਤਾਂ-ਪਾਤਾਂ ਦੇ,
ਜਥੇਬੰਦ ਹੋ 'ਚਾਹਲ' ਜਾਬਰ ਸੰਗ ਲੜਨਾ।

## 4. ਲੋਹੜੀ ਦੇ ਨਾਂ ਇਕ ਨਜ਼ਮ

ਪੁੱਤ ਜੰਮੇ ਤੇ ਜੱਗ ਵੰਡੇ ਲੋਹੜੀ, ਧੀ ਜੰਮੇ ਤੇ ਝੋਰਾ।
ਧੀ ਬਿਨ ਪੁੱਤ ਨਾ ਜੰਮਣੇ ਮੂਲੋਂ, ਜੱਗ ਨੂੰ ਫ਼ਿਕਰ ਨਾ ਭੋਰਾ।
ਪੁੱਤ ਨੂੰ ਸਮਝੇ ਫੁੱਲ, ਤੇ ਪੱਥਰ ਧੀ ਨੂੰ ਸਮਝੀ ਜਾਵੇ।
ਪੁੱਤ ਕਈ ਲੈਂਦੇ ਪੰਗੇ, ਪਰ ਧੀ ਪਿਉ ਦਾ ਨਾਂ ਰੁਸ਼ਨਾਵੇ।

ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਣ ਆ ਕੇ।
ਫਿਰ ਕਿਉਂ ਬੰਦਾ ਪੁੱਤ ਦੀ ਚਾਹਤ ਰੱਖੇ ਹਿੱਕ ਨਾ ਲਾ ਕੇ।
ਬਦਲ ਗਿਆ ਜ਼ਮਾਨਾ ਹੁਣ ਤਾਂ, ਬਦਲਿਆ ਕੁੱਲ ਜਹਾਨ।
ਧੀ-ਪੁੱਤ ਵਿੱਚ ਨਾ ਫ਼ਰਕ ਰਹਿ ਗਿਆ, ਦੋਵ੍ਹੇਂ ਇੱਕ-ਸਮਾਨ।

ਧਰਤੀ ਛੱਡ ਅਸਮਾਨ ਛੂਹਣ ਤਕ ਧੀਆਂ ਮੱਲਾਂ ਮਾਰਨ।
ਸਰਹੱਦਾਂ ਦੀ ਕਰਦੀਆਂ ਰਾਖੀ, ਦੇਸ਼ ਤੋਂ ਜਾਨਾਂ ਵਾਰਨ।
ਸੁਣੋ ਚਾਹਲ ਦਾ ਹੋਕਾ ਸਾਰੇ ਆਪਣਾ ਫ਼ਰਜ਼ ਪਛਾਣੋ,
ਵੇਖ ਪਰਾਈਆਂ ਧੀਆਂ-ਭੈਣਾਂ, ਵਾਂਗ ਆਪਣੀ ਜਾਣੋ।

ਆਓ ਮਿੱਤਰੋ ਦਾਜ ਦੀ ਥਾਂ ਤੇ ਧੀ ਨੂੰ ਵਿਦਿਆ ਦਈਏ।
ਬਦਲੀਏ ਹੁਣ ਨਜ਼ਰੀਆ ਆਪਣਾ ਪੁੱਤ ਸਮ ਦਰਜਾ ਦਈਏ।

## 5. ਕਿਰਤੀ ਕਾਮੇ ਦੀ ਲਲਕਾਰ (ਗੀਤ)

ਹੁਣ ਹੋਰ ਚਲਾਕੀ ਨਹੀਂ ਚੱਲਣੀ ਤੂੰ ਲੁਟਿਆ ਮੈਨੂੰ ਬਥੇਰਾ ਏ,
ਹੁਣ ਕਿਰਤੀ ਕਾਮਾ ਜਾਗ ਪਿਆ ਵਧ ਰਿਹਾ ਕਾਫ਼ਲਾ ਮੇਰਾ ਏ।

ਤੂੰ ਪੀ ਲਿਆ ਖ਼ੂਨ ਗ਼ਰੀਬਾਂ ਦਾ ਤੇ ਆਪਣੇ ਮਹਿਲ ਉਸਾਰ ਲਏ,
ਤੂੰ ਦੇਸ਼ ਦੇ ਹੀਰੇ-ਰਤਨਾਂ ਤੇ ਕਰ ਕਬਜ਼ਾ, ਸਭ ਡਕਾਰ ਲਏ।
ਸਭ ਰੇਤਾ-ਬੱਜਰੀ ਖਾ ਕੇ ਤੇ ਢਿੱਡ ਅਜੇ ਨਾ ਭਰਿਆ ਤੇਰਾ ਏ।
ਹੁਣ ਕਿਰਤੀ ਕਾਮਾ.......................................................................

ਤੂੰ ਰਾਖੀ ਕਰਦੈਂ ਭਾਗੋਆਂ ਦੀ, ਪਰ ਲਾਲੋ ਭੁੱਖਾ ਮਰਦਾ ਏ,
ਕਾਮੇ ਦੀ ਕੋਈ ਚਿੰਤਾ ਨਾ, ਤੈਨੂੰ ਫ਼ਿਕਰ ਆਪਣੇ ਘਰ ਦਾ ਏ।
ਸਦਾ ਰਾਤ ਚਾਨਣੀ ਨਹੀਂ ਰਹਿਣੀ, ਨਾ ਰਹਿੰਦਾ ਸਦਾ ਹਨੇਰਾ ਏ।
ਹੁਣ ਕਿਤੀ ਕਾਮਾ.......................................................................


ਤੇਰੀ ਯਾਰੀ ਨਾਲ਼ ਵਪਾਰੀ ਦੇ, ਪਿੱਠ ਕਾਮੇ ਵੱਲ ਨੂੰ ਕਰ ਲਈ ਤੂੰ,
ਤੇ ਦੇਸ਼ ਦੀ ਦੌਲਤ ਵੇਚਣ ਲਈ ਹੈ ਫੁੱਲ ਤਿਆਰੀ ਕਰ ਲਈ ਤੂੰ।
ਤੈਨੂੰ ਫ਼ਿਕਰ ਆਪਣੀ ਕੁਰਸੀ ਦਾ ਪਰ ਫ਼ਿਕਰ ਨਾ ਭੋਰਾ ਮੇਰਾ ਏ,
ਹੁਣ ਕਿਰਤੀ ਕਾਮਾ..............................................................

ਪੜ੍ਹ ਲਿਖ ਕੇ ਵਿਹਲੇ ਫਿਰਦੇ ਨੇ ਪੁੱਤ ਕਾਮੇ ਅਤੇ ਕਿਸਾਨਾਂ ਦੇ,
ਨਸ਼ਿਆਂ ਦੇ ਪੰਜੇ ਵਿੱਚ ਜਕੜੇ ਜੋ ਢਾਹੇ ਚੜ੍ਹੇ ਸ਼ੈਤਾਨਾਂ ਦੇ।
ਇਹ ਰਾਤ ਜ਼ੁਲਮ ਦੀ ਮੁੱਕਣੀ ਏ ਤੇ ਆਉਣਾ ਸੁਰਖ਼ ਸਵੇਰਾ ਏ,
ਹੁਣ ਕਿਰਤੀ ਕਾਮਾ.........................................................

ਕੱਠੇ ਹੋ ਕੁੱਲੀਆਂ ਢਾਰਿਆਂ ਨੇ ਤੇਰੇ ਮਹਿਲ ਨੂੰ ਘੇਰਾ ਪਾਉਣਾ ਏ,
ਛੱਡ ਝਗੜੇ ਜਾਤਾਂ-ਪਾਤਾਂ ਦੇ ਕਰ ਏਕਾ 'ਚਾਹਲ' ਵਿਖਾਉਣਾ ਏ।
ਖੱਟ ਦੇਣੇ ਸੰਗਲ ਗੁਲਾਮੀ ਦੇ ਫੜ੍ਹ ਹੱਥ 'ਚ ਲਾਲ ਫੁਲੇਰਾ ਏ,
ਹੁਣ ਕਿਰਤੀ ਕਾਮਾ ਜਾਗ ਪਿਆ ਵਧ ਰਿਹਾ ਕਾਫ਼ਲਾ ਮੇਰਾ ਏ।

# ਪਾਠਕਾਂ ਨੂੰ ਕਿਤਾਬਾਂ ਨਾਲ਼ ਜੋੜਨ ਵਾਲ਼ਾ ਭਾਈ ਦੀਦਾਰ ਸਿੰਘ

**#9646032245**



ਸਿੱਖ ਧਰਮ ਦੇ ਮਿਸ਼ਨਰੀ ਪ੍ਰਚਾਰਕ ਅਤੇ ਪਾਠਕਾਂ ਦੀ ਪੁਸਤਕਾਂ ਨਾਲ ਸਾਂਝ ਪਾਉਣ ਵਾਲ਼ੇ ਨਿਸ਼ਕਾਮ ਸੇਵਕ ਅਤੇ ਬਿਨ-ਤਨਖ਼ਾਹੇ ਲਾਇਬ੍ਰੇਰੀਅਨ ਭਾਈ ਦੀਦਾਰ ਸਿੰਘ ਜੋ ਭਾਈ ਮੋਹਣ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਤਰਨਤਾਰਨ ਦੇ ਇਨਚਾਰਜ ਹਨ, ਨੇ ਲਾਇਬ੍ਰੇਰੀ ਵਿੱਚ ਇੱਕ ਮਾਟੋ ਲਿਖ ਕੇ ਕੰਧ ਨਾਲ ਚਿਪਕਾ ਰੱਖਿਆ ਹੈ – "ਦੁਨੀਆਂ ਦਾ ਸਭ ਤੋਂ ਕੀਮਤੀ ਗਿਆਨ ਕਿਤਾਬਾਂ ਵਿੱਚ ਹੈ ਤੇ ਕਿਤਾਬਾਂ ਅਲਮਾਰੀਆਂ ਵਿੱਚ ਕੈਦ ਹਨ", ਪੜ੍ਹ ਕੇ ਹਰ ਕੋਈ ਸਮਝ ਜਾਂਦਾ ਹੈ ਕਿ ਜੇ ਗਿਆਨ ਪ੍ਰਾਪਤ ਕਰਨਾ ਹੈ ਤਾਂ ਕਿਤਾਬਾਂ ਨੂੰ ਅਲਮਾਰੀਆਂ ਵਿੱਚੋਂ ਬਾਹਰ ਕੱਢ ਕੇ ਪੜ੍ਹਨਾ ਹੋਵੇਗਾ। ਬਿਜਲੀ ਬੋਰਡ ਦੀ ਆਪਣੀ ਨੌਂਕਰੀ ਤੋਂ ਸੇਵਾ ਮੁਕਤ ਹੋਣ ਪਿੱਛੋਂ ਇਸ ਲਾਇਬ੍ਰੇਰੀ ਦੇ ਇਨਚਾਰਜ ਬਣਦਿਆਂ ਹੀ ਉਹਨਾਂ ਲਾਇਬ੍ਰੇਰੀ ਵਿੱਚ ਪਏ ਕਿਤਾਬਾਂ ਦੇ ਕੀਮਤੀ ਸਰਮਾਏ ਨੂੰ ਸੰਭਾਲ਼ਿਆ, ਰੁਕ-ਸਿਰ ਕੀਤਾ, ਵਿਸ਼ੇਵਾਰ ਅਲਮਾਰੀਆਂ ਸੈੱਟ ਕੀਤੀਆਂ ਤੇ ਸਾਰੀਆਂ ਕਿਤਾਬਾਂ ਦੀਆਂ ਲਿਸਟਾਂ (ਕੈਟਾਲੌਗ) ਤਿਆਰ ਕਰਕੇ ਹਰ ਕਿਤਾਬ ਦੀ ਜਿਲਦ ਦੇ ਬਾਹਰ ਅਲਮਾਰੀ ਤੇ ਉਹਦਾ ਖ਼ਾਨਾ ਨੰਬਰ ਦਰਜ ਕੀਤਾ। ਪਾਠਕ ਹੁਣ ਆਪਣੀ ਮਨ-ਪਸੰਦ ਪੁਸਤਕ ਬਿਨਾਂ ਸਮਾਂ ਗਵਾਏ ਤੁਰੰਤ ਲੱਭ ਸਕਦੇ ਹਨ। ਜਿੱਥੋਂ ਵੀ ਕਿਤਿਉਂ ਉਹਨਾਂ ਨੂੰ ਪੁਸਤਕਾਂ ਮਿਲਣ, ਮੁੱਲ ਜਾਂ ਮੁਫ਼ਤ, ਉਹ ਲਾਇਬ੍ਰੇਰੀ ਲਈ ਚੁੱਕ ਲਿਆਉਂਦੇ ਹਨ। ਜੇ ਕੋਈ ਕਿਤਾਬ ਲਾਇਬ੍ਰੇਰੀ ਵਿੱਚ ਮੌਜੂਦ ਨਾ ਹੋਵੇ ਪਰ ਪਾਠਕ ਮੰਗ ਕਰੇ ਤਾਂ ਉਹ ਨਵੀਂ ਲਿਆ ਕੇ ਦੇਣ ਦਾ ਵਾਅਦਾ ਕਰ ਲੈਂਦੇ ਹਨ। ਸ੍ਰ. ਤਾਰਾ ਸਿੰਘ ਕੱਦ ਗਿੱਲ ਉਹਨਾਂ ਦੇ ਸਹਿ-ਸੰਯੋਜਕ ਹਨ। ਦੋਵ੍ਹੇਂ ਸੱਜਣ ਐਤਵਾਰ ਛੱਡ ਕੇ ਬਾਕੀ ਦਿਨ ਸਵੇਰੇ 9 ਵਜੇ ਤੋਂ 12 ਵਜੇ ਤੱਕ ਅਤੇ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਉਕਤ ਲਾਇਬ੍ਰੇਰੀ ਵਿੱਚ

ਪਾਠਕਾਂ ਨੂੰ ਜੀ ਆਇਆਂ ਕਹਿਣ, ਪੁਸਤਕਾਂ ਜਾਰੀ ਕਰਨ ਅਤੇ ਵਾਪਸ ਲੈਣ ਲਈ ਹਾਜ਼ਰ ਰਹਿੰਦੇ ਹਨ। ਕਿਸੇ ਸਾਹਿਤ ਸਭਾ ਨੇ ਕੋਈ ਸਮਾਗਮ ਜਾਂ ਕਵੀ-ਦਰਬਾਰ ਕਰਨਾ ਹੋਵੇ ਤਾਂ ਐਤਵਾਰ ਵੀ ਆ ਹਾਜ਼ਰ ਹੁੰਦੇ ਹਨ।

ਭਾਈ ਸਾਹਿਬ ਦਾ ਜਨਮ ਪਿੰਡ ਕੁੜੀਵਲਾਹ (ਮੱਲ੍ਹਾ) ਤਹਿਸੀਲ ਖਡੂਰ ਸਾਹਿਬ ਵਿਖੇ 7 ਮਾਰਚ 1955 ਨੂੰ ਸ੍ਰ. ਅਜੀਤ ਸਿੰਘ ਅਤੇ ਸ੍ਰੀ ਮਤੀ ਹਰਬੰਸ ਕੌਰ ਦੇ ਘਰ ਹੋਇਆ। ਉਹਨਾਂ ਨੇ ਮੁਢਲੀ ਪੜ੍ਹਾਈ ਨਜ਼ਦੀਕੀ ਪਿੰਡ ਏਕਲਗੱਡਾ ਤੋਂ ਕੀਤੀ ਪਰ ਘਰੇਲੂ ਹਾਲਾਤ ਠੀਕ ਨਾ ਹੋ ਕਾਰਨ ਸਕੂਲ ਛੱਡਣਾ ਪਿਆ ਤੇ ਦਸਵੀਂ ਜਮਾਤ ਪ੍ਰਾਈਵੇਟ ਇਮਤਿਹਾਨ ਦੇ ਕੇ ਪਾਸ ਕੀਤੀ। ਆਈ.ਟੀ.ਆਈ. ਚੋਂ ਇਲੈਕਟਰੀਸ਼ੀਅਨ ਦਾ ਡਿਪਲੋਮਾ ਕਰਕੇ 20.07.1977 ਨੂੰ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਟੈਲੀਫ਼ੋਨ ਅਪ੍ਰੇਟਰ ਨਿਯੁਕਤ ਹੋ ਗਏ। ਅੰਮ੍ਰਿਤਸਰ ਤੇ ਬਟਾਲ਼ਾ ਸਬ-ਡਵੀਜ਼ਨਾਂ ਵਿੱਚ ਵੱਖ ਵੱਖ ਥਾਈਂ ਸੇਵਾ ਨਿਭਾਉਂਦੇ ਹੋਏ 31.03.2013 ਨੂੰ ਸੇਵਾ ਮੁਕਤ ਹੋ ਗਏ।

ਅੰਮ੍ਰਿਤਧਾਰੀ ਹੋਣ ਕਾਰਨ ਭਾਵੇਂ ਉਹ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਨਾਲ਼ 2009 ਤੋਂ ਹੀ ਜੁੜ ਗਏ ਸਨ ਪਰ ਸੇਵਾ ਮੁਕਤੀ ਤੋਂ ਬਾਅਦ ਉਹਨਾਂ ਨੇ ਸਿੱਖ ਮਿਸ਼ਨਰੀ ਕਾਲਜ ਰਾਹੀਂ ਬੱਚਿਆਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਵੀ ਸੰਭਾਲ ਲਈ। ਇਸ ਮੰਤਵ ਲਈ ਮਿਸ਼ਨਰੀ ਕਾਲਜ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ, ਕਾਲਜ ਵੱਲੋਂ ਛਪਦੇ ਮਾਸਕ ਮੈਗਜ਼ੀਨ □ਸਿੱਖ ਫੁਲਵਾੜੀ' ਅਤੇ ਕਾਲਜ ਵੱਲੋਂ ਕਰਵਾਏ ਜਾਂਦੇ ਦੋ-ਸਾਲਾ ਪੱਤਰ-ਵਿਹਾਰ ਕੋਰਸ ਦੇ ਆਯੋਜਨ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ। ਹੁਣ ਤੱਕ ਉਹਨਾਂ ਦੇ ਉਦਮ ਨਾਲ਼ 5-6 ਹਜ਼ਾਰ ਬੱਚੇ ਧਾਰਮਿਕ ਪ੍ਰੀਖਿਆ ਦੇ ਚੁੱਕੇ ਹਨ, 65 ਕੁ ਗੁਰਸਿੱਖ ਦੋ-ਸਾਲਾ ਕੋਰਸ ਕਰ ਰਹੇ ਹਨ ਅਤੇ ਸਰਕਲ਼ ਤਰਨ-ਤਾਰਨ ਵਿੱਚ ਲੱਗ ਭੱਗ 50 ਸਿੱਖ ਫੁਲਵਾੜੀ ਪਰਚੇ ਪਾਠਕਾਂ ਤੱਕ ਪਹੁੰਚਦੇ ਹਨ। ਮਿਸ਼ਨਰੀ ਕਾਲਜ ਵੱਲੋਂ ਉਹਨਾਂ ਨੂੰ ਸਰਕਲ਼ ਤਰਨ-ਤਾਰਨ ਦੇ ਇਨਚਾਰਜ ਅਤੇ ਜ਼ੋਨ ਦੇ ਡਿਪਟੀ ਇਨਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸਿੱਖ ਧਰਮ ਦੇ ਤਾਰਕਿਕ ਪ੍ਰਚਾਰ ਹਿਤ ਉਹ ਗਾਹੇ-ਬਿਗਾਹੇ ਇਲਾਕੇ ਵਿੱਚ ਸੈਮੀਨਾਰ ਅਤੇ ਛੁੱਟੀਆਂ ਵਿੱਚ ਬੱਚਿਆਂ ਦੇ ਗੁਰਮਤਿ ਕੈਂਪ ਵੀ ਲਾਉਂਦੇ ਹਨ। ਉਹ ਇੱਕ ਹੋਰ ਸਮਾਜ-ਸੇਵੀ ਸੰਸਥਾ ਦੇ ਸੇਵਾਦਾਰ ਹਨ ਜੋ ਰੋਜ਼ਾਨਾ ਸਰਕਾਰੀ ਸਿਵਲ ਹਸਪਤਾਲ ਦੇ ਬਾਹਰ ਖਾਣਾ ਤਿਆਰ ਕਰਕੇ ਮਰੀਜ਼ਾਂ ਤੇ ਉਹਨਾਂ ਦੇ ਵਾਰਸਾਂ ਨੂੰ ਮੁਫ਼ਤ ਵੰਡਦੀ ਹੈ।

ਪੁਸਤਕਾਂ ਪੜ੍ਹਨ ਦੀ ਰੁਚੀ ਉਹਨਾਂ ਦੇ ਮਨ ਵਿੱਚ ਏਕਲਗੱਡੇ ਦੇ ਇਕ ਪੰਜਾਬੀ ਅਧਿਆਪਕ ਦੀ ਪ੍ਰੇਰਨਾ ਨਾਲ਼ ਪੈਦਾ ਹੋਈ। ਉਹਨਾਂ ਦਾ ਮਾਂ-ਬੋਲੀ ਪੰਜਾਬੀ ਨਾਲ਼ ਅੰਤਾਂ ਦਾ ਮੋਹ ਹੈ। ਸੱਚ ਪੁੱਛੋ ਤਾਂ ਇਸ ਮੋਹ ਕਾਰਨ ਹੀ ਉਹ ਲਾਇਬ੍ਰੇਰੀ ਨਾਲ ਜੁੜੇ ਹਨ। ਉਹ ਬਹੁਤਾ ਪੜ੍ਹਦੇ ਹਨ ਤੇ ਘੱਟ ਲਿਖਦੇ ਹਨ। ਕਵਿਤਾ ਲਿਖਣ ਦਾ ਉਹਨਾਂ ਨੂੰ ਸ਼ੌਕ ਹੈ। ਇਹ

ਸ਼ੌਕ, ਲਾਇਬ੍ਰੇਰੀ ਵਿੱਚ ਜਿਹੜੇ ਕਵੀ-ਦਰਬਾਰ ਕਰਾਉਣ ਲਈ ਉਹ ਸਾਹਿਤ ਸਭਾਵਾਂ ਨੂੰ ਪ੍ਰੇਰਤ ਕਰਦੇ ਹਨ, ਵਿੱਚ ਕਵੀਆਂ ਦੀਆਂ ਰਚਨਾਵਾਂ ਸੁਣ ਕੇ ਪੈਦਾ ਹੋਇਆ ਹੈ। ਕਵਿਤਾ ਲਿਖਣ ਦਾ ਸਫ਼ਰ ਅਜੇ ਉਹਨਾਂ ਸ਼ੁਰੂ ਹੀ ਕੀਤਾ ਹੈ ਇਸ ਲਈ ਰਚਨਾਵਾਂ ਛਪਣ ਵਾਲ਼ੀ ਖ਼ੁਸ਼ੀ ਅਜੇ ਹਾਸਲ ਨਹੀਂ ਹੋਈ।

ਸ੍ਰੀ ਮਤੀ ਸੁਰਿੰਦਰ ਕੌਰ ਉਹਨਾਂ ਦੀ ਹਮ-ਸਫ਼ਰ ਹੈ। ਬੇਟਾ ਮਨਿੰਦਰਜੀਤ ਸਿੰਘ ਪੇਸ਼ੇ ਵਜੋਂ ਇਲੈਕਟ੍ਰੀਸ਼ੀਅਨ ਹੈ ਜੋ ਸੰਯੁਕਤ ਅਰਬ ਅਮੀਰਾਤ ਦੇ ਕਤਰ ਵਿੱਚ ਆਪਣੀ ਉਪਜੀਵਕਾ ਕਮਾ ਰਿਹਾ ਹੈ। ਬੇਟੀ ਰੁਪਿੰਦਰਜੀਤ ਕੌਰ ਸ਼ਾਦੀ-ਸ਼ੁਦਾ ਹੈ ਤੇ ਆਪਣੇ ਘਰ ਪਰਿਵਾਰ ਵਿੱਚ ਸੁਖੀ ਜੀਵਨ ਬਿਤਾ ਰਹੀ ਹੈ। ਭਾਈ ਸਾਹਿਬ ਦੀ ਮੌਜੂਦਾ ਰਿਹਾਇਸ਼ ਕਾਜ਼ੀਕੋਟ ਰੋਡ, ਗਲ਼ੀ ਗੁਰਦੁਆਰੇ ਵਾਲ਼ੀ, ਤਰਨ-ਤਾਰਨ ਵਿਖੇ ਹੈ।

**ਜ. ਸ. ਮਾਣੋਚਾਹਲ**

ਭਾਈ ਸਾਹਿਬ ਦੀ ਕਾਵਿ-ਉਡਾਰੀ ਦੀ ਝਲਕ :-

# 1. ਚੋਣਾਂ ਦਾ ਦ੍ਰਿਸ਼

ਜਦੋਂ ਚੋਣਾਂ ਪੰਚਾਇਤੀ ਆਉਂਦੀਆਂ ਨੇ,
ਸਿੰਙ ਫਸ ਜਾਂਦੇ ਜਾਣੋ ਕੁੰਢੀਆਂ ਦੇ।
ਭਾਈ ਭਾਈ ਤੋਂ ਪਾਸਾ ਵੱਟ ਲੈਂਦਾ,
ਲੜ ਮਰ ਜਾਂਦੇ ਯਾਰ ਜੁੰਡੀਆਂ ਦੇ।
ਸਾਰੇ ਪਿੰਡੀਂ ਮੈਦਾਨ ਏ ਜੰਗ ਬਣਦਾ,
ਵਾਰ ਹੁੰਦੇ ਤਲਵਾਰਾਂ ਖੂੰਢੀਆਂ ਦੇ।
ਇਕ ਦੂਜੇ ਦੇ ਪੋਤੜੇ ਫੋਲਦੇ ਨੇ,
ਭੇਦ ਖੋਲ੍ਹਦੇ ਗੁੱਝੀਆਂ ਘੁੰਡੀਆਂ ਦੇ।
ਚੋਣ ਬੂਥਾਂ ਤੇ ਕਰਦੇ ਫਿਰਨ ਕਬਜ਼ੇ,
ਵੈਲੀ ਗੁੰਡੇ ਜੋ ਲਾਟਾਂ-ਟੁੰਡੀਆਂ ਦੇ।
ਵੇਖੇ ਚੋਰ ਕਈ ਚੌਧਰੀ ਬਣ ਜਾਂਦੇ,
ਵੋਟਾਂ ਮੁੱਲ ਲੈ ਕੇ ਯਾਰ ਗੁੰਡੀਆਂ ਦੇ।

## 2. ਛਬੀਲ

ਬੁੱਢੀ ਮਾਂ ਨੂੰ ਪਾਣੀ ਦੀ ਤੇਹ ਲੱਗੀ,
ਕਹਿੰਦੀ ਪੁੱਤ ਨੂੰ ਪਾਣੀ ਫੜਾਵਣੇ ਲਈ ।
ਪੁੱਤ ਆਖਦਾ ਘੜੀ ਅਰਾਮ ਕਰ ਲੈ,
ਮੈਂ ਤਾਂ ਚੱਲਿਆਂ ਛਬੀਲ ਲਾਵਣੇ ਲਈ ।

## 3. ਸ਼ਰਾਧ

ਨਾਰ ਆਖਦੀ ਪਤੀ ਨੂੰ ਸੁਣੋ ਮੇਰੀ,
ਭਲਕੇ ਬਾਪੂ ਦਾ ਕਰਨਾ ਸ਼ਰਾਧ ਆਪਾਂ ।
ਤੜ੍ਹਕੇ ਆ ਜਾਏ ਪੰਡਤ ਨੂੰ ਕਹਿ ਆਇਓ,
ਖੱਟ ਲਈਏ ਕੋਈ ਪੁੰਨ ਸਵਾਬ ਆਪਾਂ ।

ਭਾਗਾਂ ਵਾਲ਼ੀਏ ਬਾਬੇ ਨੇ ਆਖਿਆ ਏ,
ਮਰਿਆਂ ਪਿੱਛੋਂ ਸ਼ਰਾਧ ਦਾ ਲਾਭ ਕੋਈ ਨਾ ।
ਸੇਵਾ ਜੀਊਂਦੇ-ਜੀਅ ਕਰੀਏ ਮਾਪਿਆਂ ਦੀ,
ਇਹਦੇ ਨਾਲ ਦਾ ਪੁੰਨ ਸਵਾਬ ਕੋਈ ਨਾ ।

## 4. ਕੀ ਫ਼ਾਇਦਾ

ਜੇ ਕਰ ਛੱਡੀ ਨਹੀਂ ਚੋਰੀ ਬੇਈਮਾਨੀ,
ਘਰ ਰੱਬ ਦੇ ਜਾਣ ਦਾ ਕੀ ਫ਼ਾਇਦਾ?
ਝੂਠ ਅਤੇ ਫ਼ਰੇਬ ਵੀ ਛੱਡਿਆ ਨਹੀਂ,
ਐਵੇਂ ਮੱਥੇ ਘਸਾਣ ਦਾ ਕੀ ਫ਼ਾਇਦਾ?
ਦਸਾਂ ਨਹੁੰਆਂ ਦੀ ਕਿਰਤ ਜੇ ਨਹੀਂ ਕਰਨੀ,
ਤੜ੍ਹਕੇ ਧੂਫ਼ ਧੁਖਾਉਣ ਦਾ ਕੀ ਫ਼ਾਇਦਾ?
ਲੋੜ-ਵੰਦ ਗਰੀਬ ਅਣਡਿੱਠ ਕਰਕੇ,
ਲੰਗਰ ਸੜਕਾਂ ਤੇ ਲਾਉਣ ਦਾ ਕੀ ਫ਼ਾਇਦਾ?
ਕਾਮ, ਕ੍ਰੋਧ, ਹੰਕਾਰ ਨਾ ਆਏ ਕਾਬੂ,
ਪੜ੍ਹੇ ਵੇਦ ਪੁਰਾਣ ਦਾ ਕੀ ਫ਼ਾਇਦਾ?

# 5. ਨਾਨਕ ਦਾ ਸਿੱਖ

ਬਾਬੇ ਆਖਿਆ ਫਿੱਕਾ ਬੋਲਣਾ ਨਹੀਂ,
ਜੇ ਤੂੰ ਨਾਨਕ ਦਾ ਸਿੱਖ ਅਖਵਾਵਣਾ ਏ ।
ਮਿੱਠਾ ਬੋਲਣਾ ਤੇ ਨਿਵ ਚੱਲਣਾ ਏ,
ਮਾਰਗ ਸਿੱਖੀ ਦਾ ਜੇ ਅਪਨਾਵਣਾ ਏ ।
ਦਸਾਂ ਨਹੁੰਆਂ ਦੀ ਸਦਾ ਈ ਕਿਰਤ ਕਰਨੀ
ਲੋੜਵੰਦ ਗਰੀਬ ਗਲ਼ ਲਾਵਣਾ ਏ ।
ਕਾਮ ਕ੍ਰੋਧ ਚੰਡਾਲ ਨੂੰ ਨੱਥ ਪਾਵੀਂ,
ਜੇ ਤੂੰ ਜੀਵਨ ਸਫ਼ਲ ਬਣਾਵਣਾ ਏ ।

ਮੱਥਾ ਟੇਕਦੇ ਹਾਂ ਗੁਰੂ ਗ੍ਰੰਥ ਅੱਗੇ,
ਪੜ੍ਹ ਕੇ ਬਾਣੀ ਪਰ ਨਹੀਂ ਵਿਚਾਰ ਕਰਦੇ ।
ਜਾਤ-ਪਾਤ ਦੇ ਕੋਹੜ ਨੂੰ ਛੱਡਦੇ ਨਹੀਂ,
ਉੱਚੀ ਜਾਤ ਦਾ ਕਈ ਹੰਕਾਰ ਕਰਦੇ ।
ਹਰ ਪਿੰਡ 'ਚ ਪੰਜ ਸੱਤ ਗੁਰਦੁਆਰੇ,
ਨਹੀਂ ਇਕ ਤੇ ਅਸੀਂ ਇਤਬਾਰ ਕਰਦੇ ।
ਜੱਟ, ਮਜ਼੍ਹਬੀ ਜਾ ਹੋਣ ਰਾਮਗੜ੍ਹੀਏ,
ਸ਼ਮਸ਼ਾਨ-ਘਾਟ ਵੀ ਅੱਡ ਤਿਆਰ ਕਰਦੇ ।

ਊਚ ਨੀਚ ਮਿਟਾਉਣ ਲਈ ਜੱਗ ਵਿੱਚੋਂ
ਬਾਬੇ ਪੂਰਿਆ ਪੱਖ ਮਰਦਾਨਿਆਂ ਦਾ ।
ਕਹਿੰਦੇ ਜਾਤ ਦਾ ਨਹੀਂ ਹੰਕਾਰ ਕਰਨਾ,
ਇਕੋ ਬਾਪ ਹੈ ਸਾਰੇ ਜਾਣਿਆਂ ਦਾ ।
ਸਾਰੇ ਬੈਠਣਗੇ ਲੰਗਰ 'ਚ ਇਕ ਪੰਗਤੇ,
ਰੁਤਬਾ ਇਕੋ ਜਿਹਾ ਰੰਕ ਤੇ ਰਾਣਿਆਂ ਦਾ ।
ਪਰ ਨਹੀਂ ਅੰਦਰੋਂ ਅਸਾਂ ਕਬੂਲ ਕੀਤਾ,
ਦੀਦਾਰ ਸਿੰਘਾ ਇਹ ਕਿਹਾ ਸਿਆਣਿਆਂ ਦਾ ।

# 'ਲੰਮੀ ਹੇਕ ਨਾਲ਼ ਗਾਉਣ ਵਾਲ਼ਾ ਕਵੀਸ਼ਰ ਗੁਰਮੀਤ ਸਿੰਘ ਨੂਰਦੀ

**# 9815872892**



ਉੱਚੀ ਤੇ ਲੰਮੀ ਹੇਕ ਨਾਲ਼ ਗਾਉਣ ਵਾਲ਼ਾ ਗੁਰਮੀਤ ਸਿੰਘ ਨੂਰਦੀ ਸਾਹਿਤਕ ਸਮਾਗਮ ਵਿੱਚ ਹਾਜ਼ਰ ਹੋਵੇ ਤਾਂ ਸਮਾਗਮ ਦੀਆਂ ਰੌਣਕਾਂ ਹੋਰ ਵਧ ਜਾਂਦੀਆਂ ਹਨ। ਉਸ ਦਾ ਜਨਮ ਇਤਿਹਾਸਕ ਪਿੰਡ ਨੂਰਦੀ ਜ਼ਿਲ੍ਹਾ ਤਰਨਤਾਰਨ ਵਿੱਚ ਪਿਤਾ ਸ੍ਰ ਸ਼ੰਗਾਰਾ ਸਿੰਘ ਨਿਹੰਗ ਦੇ ਘਰ ਮਾਤਾ ਸ੍ਰੀ ਮਤੀ ਪ੍ਰਸਿੰਨ ਕੌਰ ਦੀ ਕੁਖੋਂ 19 ਨਵੰਬਰ 1957 ਨੂੰ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਠਰੂ ਦੇ ਸਰਕਾਰੀ ਮਿਡਲ ਸਕੂਲ ਤੋਂ ਅਤੇ ਦਸਵੀਂ ਤੇ ਹਾਇਰ ਸੈਕੰਡਰੀ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਪਾਸ ਕੀਤੀ। ਉਪ੍ਰੰਤ ਗਿਆਨੀ ਦੀ ਪ੍ਰੀਖਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪਾਸ ਕਰਕੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਿੱਚ ਸਰਕਾਰੀ ਸੰਸਥਾ ਆਈ.ਟੀ.ਆਈ. ਕੱਦ ਗਿੱਲ ਵਿਖੇ ਬਤੌਰ ਸਟੋਰ ਅਟੈਂਡੈਂਟ ਨਿਯੁਕਤ ਹੋ ਗਏ। 26 ਜਨਵਰੀ 2016 ਨੂੰ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਉਹਨੂੰ ਬਤੌਰ ਬੀ.ਐਲ.ਓ. ਵਧੀਆ ਸੇਵਾਵਾਂ ਨਿਭਾਉਣ ਕਰਕੇ ਡੀ.ਸੀ. ਸ਼ਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ। ਉਹ ਸਿੱਖ ਧਰਮ ਦਾ ਚੰਗਾ ਗਿਆਨ ਰੱਖਦਾ ਹੋਣ ਕਾਰਨ ਚੰਗਾ ਅਖੰਡਪਾਠੀ, ਸਰੋਤਿਆਂ ਨੂੰ ਕੀਲ ਲੈਣ ਵਾਲ਼ਾ ਕਥਾਵਾਚਕ ਅਤੇ ਸੁਰੀਲੀ ਤੇ ਬੁਲੰਦ ਆਵਾਜ਼ ਵਾਲ਼ਾ ਗਾਇਕ ਕਲਾਕਾਰ ਹੈ। ਉਹ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਦਾ ਸਰਗਰਮ ਮੈਂਬਰ ਹੋਣ ਦੇ ਨਾਲ਼ ਸਰਹੱਦੀ ਸਾਹਿਤ ਸਭਾ ਝਬਾਲ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਵੀ ਮੈਂਬਰ ਹੈ। ਉਸ ਦੀਆਂ ਰਚਨਾਵਾਂ ਰੇਡੀਓ ਸਟੇਸ਼ਨ ਤੋਂ ਅਕਸਰ ਦੇਸ਼-ਵਿਦੇਸ਼ ਵਿੱਚ ਸੁਣੀਆਂ ਜਾਂਦੀਆਂ ਹਨ।

1976 ਵਿੱਚ ਉਸ ਦੀ ਸ਼ਾਦੀ ਸ੍ਰੀ ਮਤੀ ਬਲਵਿੰਦਰ ਕੌਰ ਪਿੰਡ ਜਸਪਾਲ ਤਹਿਸੀਲ

ਬਾਬਾ ਬਕਾਲਾ ਨਾਲ ਹੋਈ। ਉਸ ਦੇ ਦੋ ਪੁੱਤਰ ਤੇ ਇੱਕ ਧੀ ਵਿਦੇਸ਼ਾਂ ਵਿੱਚ ਨੌਂਕਰੀ ਕਰ ਰਹੇ ਹਨ। ਇਸ ਵੇਲ਼ੇ ਉਹ ਪਰਿਵਾਰ ਸਮੇਤ ਆਪਣੇ ਪਿੰਡ ਨੂਰਦੀ ਵਿੱਚ ਹੀ ਰਹਿੰਦਾ ਹੈ।

**ਜ. ਸ. ਮਾਣੋਚਾਹਲ**

ਪੇਸ਼ ਹਨ ਨੂਰਦੀ ਦੀਆਂ ਰਚਨਾਵਾਂ ਦੇ ਰੰਗ :-

## 1. ਫ਼ਰਿਆਦ

ਧੀ ਕਹਿੰਦੀ ਏ ਨਿਮਾਣੀ,
ਕੁਝ ਹੋ ਕੇ ਨਿੰਮੋਝਾਣੀ,
ਐਵੇਂ ਕਹਿਰ ਨਾ ਗੁਜ਼ਾਰ ਬਾਬਲਾ,
ਮੈਨੂੰ ਕੁੱਖ ਵਿੱਚ ਦੇਵੀਂ ਨਾ ਤੂੰ ਮਾਰ ਬਾਬਲਾ।
ਮੈਨੂੰ ਕੁੱਖ ਵਿੱਚ....................

ਕਿਸੇ ਪਿੱਛੇ ਲੱਗ ਖੂਹ ਖਾਤੇ ਵਿੱਚ ਸੁੱਟੇਂਗਾ,
ਆਪਣੀ ਬਗੀਚੀ ਦਾ ਫੁੱਲ ਆਪੇ ਪੁੱਟ ਸੁੱਟੇਂਗਾ,
ਐਵੇਂ ਮੂਰਖ ਨਾ ਬਣੀਂ, ਹੋ ਜਾ ਵਫ਼ਾਦਾਰ ਬਾਬਲਾ,
ਮੈਨੂੰ ਕੁੱਖ ਵਿੱਚ.................

ਮੈਂ ਤਾਂ ਬਣੂੰ ਪੀ ਟੀ ਊਸ਼ਾ ਜਾਂ ਬਣੂੰਗੀ ਮਲਾਲਾ,
ਮੈਂ ਤੇ ਬਣੂ ਪ੍ਰਤਿਭਾ ਜਾਂ ਕਲਪਨਾ ਚਾਵਲਾ,
ਤੇਰੇ ਸਿਰ ਚੜ੍ਹੇ ਕਰਜ਼ੇ ਨੂੰ ਦੇਵਾਂਗੀ ਉਤਾਰ ਬਾਬਲਾ,
ਮੈਨੂੰ ਕੁੱਖ ਵਿੱਚ......................

ਪੁੱਤਰਾਂ ਦੇ ਵਾਂਗ 'ਨੂਰਦੀ' ਬਣ ਕੇ ਦਿਖਾਵਾਂਗੀ,
ਸੇਵਾ ਕਰਾਂਗੀ ਤੁਹਾਡਾ ਸਾਥ ਪੂਰਾ ਮੈਂ ਨਿਭਾਵਾਂਗੀ,
ਸਿਰ ਉੱਤੇ ਦੇ ਕੇ ਵੇਖੀਂ ਤੂੰ ਪਿਆਰ ਬਾਬਲਾ,
ਮੈਨੂੰ ਕੁੱਖ ਵਿੱਚ ਦੇਵੀਂ ਨਾ ਤੂੰ ਮਾਰ ਬਾਬਲਾ।

## 2. ਮਾਂ

ਮਾਂ ਤੇ ਮਾਂ ਹੈ, ਮਾਂ ਵੇ ਲੋਕੋ,
ਮਾਂ ਹੀ ਠੰਢੜੀ ਛਾਂ ਵੇ ਲੋਕੋ,
ਮਾਂ ਵਰਗਾ ਨਾ ਸਾਨੀ ਜੱਗ ਤੇ,
ਦੇਵਾਂ ਹਰ ਥਾਂ ਥਾਂ ਤੇ ਹੋਕੇ,
ਮਾਂ ਹੀ ਠੰਢੜੀ ਛਾਂ ਵੇ ਲੋਕੋ ।

ਇਕ ਜੱਗ ਤੇ ਪਿਆਰੀ ਮਾਂ ਵੇ ਲੋਕੋ,
ਦੂਜਾ ਜੱਗ ਤੇ ਪਿਆਰਾ ਰੱਬ ਦਾ ਨਾਂ ਵੇ ਲੋਕੋ,
ਤੀਜਾ ਹੈ ਬੋਹੜ ਦੀ ਛਾਂ ਵੇ ਲੋਕੋ,
ਮਾਂ ਵੇ ਠੰਢੜੀ ਛਾਂ ਵੇ ਲੋਕੋ ।

ਸੁਬਾਹ ਸਵੇਰੇ ਉੱਠ ਕੇ ਜਿਹੜਾ
ਮਾਂ ਦੇ ਚਰਨੀਂ ਮੱਥਾ ਟੇਕੇ,
ਮਾਂ ਪਿਓ ਦੀ ਜਿਹੜਾ ਸੇਵਾ ਕਰੇ,
ਉਹ ਹੀ ਸੁੱਖ ਦੀ ਦਾਤ ਭਰੇ,
ਅਦਬਾਂ ਦੇ ਨਾਲ਼ ਰੱਬ ਦੇ ਘਰ ਤੋਂ
ਮਿਲਦੀ ਚੰਗੀ ਥਾਂ ਵੇ ਲੋਕੋ,
ਮਾਂ ਤੇ ਠੰਢੜੀ ਛਾਂ ਵੇ ਲੋਕੋ ।

## 3. ਸਿਦਕ

ਧੰਨ ਧੰਨ ਬਾਜ਼ਾਂ ਵਾਲ਼ੇ ਬੂਟਾ ਲਾਇਆ ਸਿੱਖੀ ਦਾ,
ਸਭ ਸਰਬੰਸ ਲੁਟਾ ਕੇ ਮਹਿਲ ਬਣਾਇਆ ਸਿੱਖੀ ਦਾ ।

ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਵਾ ਲੱਖ ਨਾਲ਼ ਇੱਕ ਲੜਾ ਦਿੱਤਾ,
ਦੋ ਚਮਕੌਰ ਗੜ੍ਹੀ ਤੇ ਦੋ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ।

ਆਪ ਕੰਡਿਆਂ ਦੀ ਸੇਜ਼ ਹੰਢਾ ਕੇ ਬਚਨ ਨਿਭਾਇਆ ਸਿੱਖੀ ਦਾ,
ਸਾਰਾ ਸਰਬੰਸ ਲੁਟਾ ਕੇ ਮਹਿਲ ਬਣਾਇਆ ਸਿੱਖੀ ਦਾ ।

ਬਿਨਾਂ ਸੀਸ ਤੋਂ ਯੋਧੇ ਸਿੰਘ ਲੜਾ ਦਿੱਤੇ,
ਧਰਮ ਦੀ ਖ਼ਾਤਰ ਸਿੰਘਾਂ ਬੰਦ ਬੰਦ ਕਟਵਾ ਦਿੱਤੇ,

ਖੋਪਰੀਆਂ ਉਤਰਾ ਕੇ ਜੀਊਣ ਸਿਖਾਇਆ ਸਿੱਖੀ ਦਾ,
ਸਾਰਾ ਸਰਬੰਸ ਲੁਟਾ ਕੇ ਮਹਿਲ ਬਣਾਇਆ ਸਿੱਖੀ ਦਾ ।

ਸਿੱਖੀ ਵਾਲ਼ੇ ਬੂਟੇ ਦਾ ਫਲ਼ ਸ਼ਹਿਦ ਨਾਲ਼ੋਂ ਵੀ ਮਿੱਠਾ,
ਸਭ ਜੱਗ ਫਿਰ ਕੇ ਵੇਖ ਲਿਆ ਐਸਾ ਕਿਤੇ ਨਾ ਡਿੱਠਾ,

ਨੂਰਦੀ ਵਾਲ਼ੇ ਮੀਤਿਆ ਸਤਿਗੁਰ ਬੇੜਾ ਪਾਰ ਲੰਘਾਇਆ ਸਿੱਖੀ ਦਾ,
ਸਭ ਸਰਬੰਸ ਲੁਟਾ ਕੇ ਮਹਿਲ ਬਣਾਇਆ ਸਿੱਖੀ ਦਾ ।

# ਸਾਹਿਤ ਤੇ ਸਾਹਿਤਕਾਰਾਂ ਦਾ ਪਾਰਖੂ ਸ੍ਰ. ਜਸਵਿੰਦਰ ਸਿੰਘ ਢਿੱਲੋਂ

**# 9646069551**



ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਤਰਨ-ਤਾਰਨ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਢਿੱਲੋਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹ ਲੰਮੇ ਸਮੇਂ ਤੋਂ ਸਾਹਿਤ ਸਭਾ ਦੀਆਂ ਗਤੀਵਿਧੀਆਂ ਚਲਾ ਰਿਹਾ ਹੈ। ਉਹ ਸਾਹਿਤ ਤੇ ਮਾਂ ਬੋਲੀ ਪੰਜਾਬੀ ਦਾ ਸਕਾ ਪੁੱਤਰ ਹੈ ਤੇ ਹਰ ਦੋ ਤਿੰਨ ਮਹੀਨੇ ਬਾਅਦ ਸਾਹਿਤਕਾਰਾਂ ਨੂੰ ਬੁਲਾ ਕੇ ਕਵੀ-ਦਰਬਾਰ ਕਰਵਾਉਂਦਾ ਹੈ । ਉਸ ਦੇ ਉਦਮਾਂ ਨਾਲ ਕਈ ਵਾਰ ਕਵੀਆਂ ਦੀ ਗਿਣਤੀ 60-70 ਤੱਕ ਵੀ ਪਹੁੰਚ ਜਾਂਦੀ ਹੈ ਤੇ ਉਹਦੀ ਕੋਸ਼ਿਸ਼ ਹੁੰਦੀ ਹੈ ਕਿ ਕਵੀ ਦਰਬਾਰ ਵਿੱਚ ਪਹੁੰਚੇ ਹਰ ਸੱਜਣ ਨੂੰ ਆਪਣੀ ਰਚਨਾ ਪੇਸ਼ ਕਰਨ ਜਾਂ ਬੋਲਣ ਦਾ ਮੌਕਾ ਮਿਲੇ।ਕਵੀ ਦਰਬਾਰ ਵਿੱਚ ਹਾਜ਼ਰ ਹੋਣ ਵਾਲ਼ਿਆਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕਰਦਾ ਹੈ ਪਰ ਕਈ ਵਾਰ ਕਹਿਣ ਦੇ ਬਾਵਜੂਦ ਸਾਹਿਤ ਸਭਾ ਦੇ ਮੈਂਬਰਾਂ ਤੋਂ ਕਦੇ ਕੋਈ ਚੰਦਾ ਨਹੀਂ ਲਿਆ, ਨਾ ਜਾਣੇ ਉਹ ਇਸ ਖ਼ਰਚ ਦਾ ਭਾਰ ਕਿਵੇਂ ਝੱਲਦਾ ਹੈ। ਉਹ ਲੇਖਕਾਂ ਨੂੰ ਮਾਣ-ਸਤਿਕਾਰ ਦੇਣ ਲਈ ਜੱਸੋਵਾਲ ਦੀ ਤਰ੍ਹਾਂ ਉਹਨਾਂ ਦੇ ਘਰਾਂ ਤੱਕ ਪਹੁੰਚ ਕਰਦਾ ਹੈ।ਉਸ ਦੀ ਰਹਿਨੁਮਾਈ ਹੇਠ ਪੰਜਾਬੀ ਸਾਹਿਤ ਸਭਾ ਤੇ ਸਭਿਆਚਾਰਕ ਕੇਂਦਰ ਦਿਨੋ ਦਿਨ ਤਰੱਕੀ ਕਰ ਰਿਹਾ ਹੈ।

ਸ੍ਰ. ਜਸਵਿੰਦਰ ਸਿੰਘ ਢਿੱਲੋਂ ਦਾ ਜਨਮ ਕਿਸਾਨੀ ਪਰਿਵਾਰ ਵਿੱਚ ਸ੍ਰ, ਮੇਵਾ ਸਿੰਘ ਦੇ ਘਰ ਸਰਦਾਰਨੀ ਕਰਤਾਰ ਕੌਰ ਦੀ ਕੁਖੋਂ 5 ਮਾਰਚ 1958 ਨੂੰ ਪਿੰਡ ਜਰਮਸਤ ਪੁਰ, ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਉਹਨੇ ਪਿੰਡ ਦੇ ਸਕੂਲ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਕੇ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਤੋਂ ਬਾਰ੍ਹਵੀਂ ਜਮਾਤ ਪਾਸ ਕੀਤੀ। 26.08.1979 ਨੂੰ ਉਹ ਨਗਰ ਕੌਂਸਲ ਤਰਨ ਤਾਰਨ ਵਿੱਚ ਬਤੌਰ ਕਲਰਕ ਭਰਤੀ ਹੋਇਆ ਅਤੇ 31.03.2018 ਨੂੰ 2 ਸਾਲ ਦੇ ਵਾਧੇ ਉਪ੍ਰੰਤ ਸ਼ਾਨਦਾਰ,

ਬੇ-ਦਾਗ਼ ਸੇਵਾ ਕਰਕੇ ਬਤੌਰ ਸਹਾਇਕ ਸੇਵਾ ਮੁਕਤ ਹੋਇਆ। ਇਸ ਦਰਮਿਆਨ ਉਸ ਦੀ ਸ਼ਾਦੀ ਸਰਦਾਰਨੀ ਜਸਵਿੰਦਰ ਕੌਰ ਨਾਲ ਹੋਈ ਤੇ ਸਫ਼ਲਤਾਪੂਰਵਕ ਗ੍ਰਹਿਸਥੀ ਜੀਵਨ ਬਤੀਤ ਕੀਤਾ। ਬਦਕਿਸਮਤੀ ਨਾਲ਼ ਚਾਰ ਕੁ ਸਾਲ ਪਹਿਲਾਂ ਜਸਵਿੰਦਰ ਕੌਰ, ਢਿੱਲੋਂ ਸਾਹਿਬ ਨੂੰ ਮੰਝਧਾਰ ਵਿੱਚ ਛੱਡ ਕੇ, ਕੁਝ ਚਿਰ ਬਿਮਾਰ ਰਹਿਣ ਪਿੱਛੋਂ ਸਦੀਵੀ ਵਿਛੋੜਾ ਦੇ ਗਈ। ਉਹ ਦਾ ਇੱਕ ਬੇਟਾ ਹਰਮਿੰਦਰ ਸਿੰਘ ਢਿੱਲੋਂ ਸ਼ਾਦੀ-ਸ਼ੁਦਾ ਹੈ ਤੇ ਆਪਣੀ ਦੁਕਾਨ ਕਰਦਾ ਹੈ। ਸਦ-ਗੁਣਾਂ ਦੀ ਧਾਰਨੀ ਉਹਨਾਂ ਦੀ ਨੂੰਹ ਸ੍ਰੀ ਮਤੀ ਜਸਪਾਲ ਕੌਰ, ਪੋਤਰੀ ਗੁਰਸਾਖੀ ਕੌਰ ਤੇ ਪੋਤਰੇ ਮਾਨਵਜੋਤ ਸਿੰਘ ਨਾਲ਼ ਭਰਿਆ-ਪੂਰਾ ਸੁਖੀ ਪਰਿਵਾਰ ਹੈ। ਦੋ ਬੇਟੀਆਂ ਅਮਨਦੀਪ ਕੌਰ ਅਤੇ ਗੁਰਜੀਤ ਕੌਰ ਵਿਆਹੀਆਂ ਹੋਈਆਂ ਆਪੋ-ਆਪਣੇ ਘਰ ਹਨ।

ਢਿੱਲੋਂ ਕਵਿਤਾ ਦਾ ਧਨੀ ਹੈ। ਉਹ ਵਧੇਰੇ ਕਰਕੇ ਸਿੱਖ ਇਤਿਹਾਸ ਬਾਰੇ ਤੇ ਸਮਾਜਕ ਬੁਰਾਈਆਂ ਬਾਰੇ ਛੰਦ-ਬੱਧ ਕਵਿਤਾ ਲਿਖਦਾ ਹੈ।ਉਹ ਪਿੰਗਲ ਤੇ ਅਰੂਜ਼ ਬਾਰੇ ਕਾਫੀ ਗਿਆਨ ਰੱਖਦਾ ਹੈ ਅਤੇ ਅਜੇ ਵੀ ਆਪਣੇ ਉਸਤਾਦ ਸ੍ਰ. ਦਰਸ਼ਨ ਸਿੰਘ ਭੰਮੇ ਦੀ ਆਨ-ਲਾਈਨ ਕਲਾਸ ਲਾਉਂਦਾ ਹੈ।ਉਹਦੀ ਲਿਖਣ ਦੀ ਰਵਾਨਗੀ ਏਨੀ ਹੈ ਕਿ ਕਈ ਵਾਰ ਦਿਨ 'ਚ ਦੋ ਤਿੰਨ ਕਵਿਤਾਵਾਂ ਲਿਖ ਕੇ ਸੋਸ਼ਲ ਮੀਡੀਏ ਤੇ ਪਾ ਦੇਂਦਾ ਹੈ। ਉਹ ਨਾ ਕੇਵਲ ਲਿਖਦਾ ਹੈ ਸਗੋਂ ਬਾਬਾ ਬਲਬੀਰ ਸਿੰਘ ਬੇਲੀ ਨਾਲ਼ ਮਿਲ਼ ਕੇ ਗਾਉਂਦਾ ਵੀ ਹੈ।ਦੋਹਾਂ ਦੀ ਜੋੜੀ ਖ਼ੂਬ ਫੱਬਦੀ ਹੈ।ਉਹਦੀਆਂ ਰਚਨਾਵਾਂ ਸਿੱਖ ਫੁਲਵਾੜੀ ਤੇ ਜਨ ਸਹਿਤ ਵਰਗੇ ਪੰਜਾਬੀ ਮੈਗਜ਼ੀਨਾਂ ਵਿੱਚ ਅਕਸਰ ਛਪਦੀਆਂ ਹਨ ਅਤੇ ਕਈ ਬੱਚੇ ਤੇ ਕਵੀਸ਼ਰ ਉਹਦੇ ਛੰਦ ਲੰਮੀ ਹੇਕ ਨਾਲ ਗਾਉਂਦੇ ਹਨ। 'ਮਮਤਾ ਦੀ ਮੂਰਤ' ਅਤੇ 'ਛੰਦ ਸਦ' ਉਹਦੀਆਂ ਦੋ ਛਪ ਚੁੱਕੀਆਂ ਪੁਸਤਕਾਂ ਹਨ।ਇਹਨਾਂ ਤੋਂ ਛੁੱਟ ਢੇਰ ਸਾਰੀਆਂ ਹੋਰ ਅਣ-ਛਪੀਆਂ ਰਚਨਾਵਾਂ ਹਨ।ਜੇ ਪੰਜਾਬ ਸਰਕਾਰ ਲੇਖਕਾਂ ਦੀਆਂ ਰਚਨਾਵਾਂ ਛਾਪਣ ਵਿੱਚ ਸਹਾਇਤਾ ਕਰੇ ਤਾਂ ਅਜੋਕੀ ਪੀੜ੍ਹੀ ਦੇ ਬਹੁਤ ਸਾਰੇ ਲੇਖਕਾਂ ਨੂੰ ਉਤਸ਼ਾਹ ਤੇ ਹੌਂਸਲਾ ਮਿਲ ਸਕਦਾ ਹੈ।

ਇਸ ਸਮੇਂ ਜਸਵਿੰਦਰ ਸਿੰਘ ਢਿੱਲੋਂ ਗਲ਼ੀ ਸ਼ਹੀਦ ਬੁੰਗਾ, ਮੁਹੱਲਾ ਜਸਵੰਤ ਸਿੰਘ, ਤਰਨ-ਤਾਰਨ ਵਿਖੇ ਆਪਣੇ ਮਕਾਨ ਵਿੱਚ ਰਹਿੰਦਾ ਹੈ।ਸਾਹਿਤਕ ਗਤੀਵਿਧੀਆਂ ਦੇ ਨਾਲ਼ ਨਾਲ਼ ਉਹ ਆਪਣੇ ਬੇਟੇ ਦੀ ਦੁਕਾਨ ਤੇ ਕੰਮ 'ਚ ਮਦਦ ਵੀ ਕਰਦਾ ਹੈ।ਉਹ ਨਿੱਘੇ ਸੁਭਾਅ ਦਾ ਮਾਲਕ ਤੇ ਬੜਾ ਮਿਲਣਸਾਰ ਵਿਅਕਤੀ ਹੈ ਅਤੇ ਕਈ ਵਾਰ ਔਖਾ ਹੋ ਕੇ ਵੀ ਉੜੇ-ਥੁੜੇ ਦੀ ਮਦਦ ਕਰਦਾ ਹੈ।ਲੋੜ ਪੈਣ ਤੇ ਕਦੇ ਵੀ ਕੋਈ ਫ਼ੋਨ ਕਰਕੇ ਉਹਨੂੰ ਮਿਲ ਸਕਦਾ ਹੈ।ਮੈਂ ਉਹਦੀ ਤੰਦਰੁਸਤੀ ਵਾਲ਼ੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ ਤਾਂ ਕਿ ਉਹ ਪੰਜਾਬੀ ਮਾਂ-ਬੋਲੀ ਦੀ ਹੋਰ ਸੇਵਾ ਕਰਦਾ ਰਹੇ।

**ਜ. ਸ. ਮਾਣੋਚਾਹਲ**

ਢਿੱਲੋਂ ਸਾਹਿਬ ਦੀਆਂ ਰਚਨਾਵਾਂ :-

# 1- ਦੋਤਾਰਾ ਛੰਦ

੧

ਤੂੰ ਮਾਣ ਨਿਮਾਣਿਆਂ ਦਾ, ਕਰਦੈਂ ਪੂਰਨ ਸਭ ਦੀਆਂ ਆਸਾਂ ।
ਤੂੰ ਰਹਿਮਤ ਕਰਦਾ ਹੈ, ਜਿਹੜੇ ਕਰਦੇ ਨੇ ਅਰਦਾਸਾਂ ।
ਇਸ ਜੱਗ ਦੀ ਫੁਲਵਾੜੀ ਦਾ, ਤੂੰ ਹੀ ਪਾਲਣਹਾਰਾ ਮਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ 'ਤੇ ਖੜਾ ਸਵਾਲੀ ।

੨

ਤੇਰੇ ਬਾਗਾਂ ਵਾਲੀ, ਦਾਤਾ ਖਿੜੀ ਹੈ ਬਹੁਤ ਕਿਆਰੀ ।
ਤੇਰੀ ਇਸ ਕੁਦਰਤ ਦੀ, ਦਿੱਖ ਲੱਗਦੀ ਬੜੀ ਪਿਆਰੀ ।
ਜੋ ਵੀ ਦਰ ਤੇ ਆਇਆ, ਮੁੜਿਆ ਹੱਥ ਕਦੇ ਨਾ ਖਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ 'ਤੇ ਖੜਾ ਸਵਾਲੀ ।

੩

ਬੇੜੇ ਡੁੱਬਦਿਆਂ ਦੇ, ਕੀਤੇ ਪਾਰ ਤੁਸਾਂ ਨੇ ਦਾਤਾ ।
ਉਹ ਤਰ ਗਿਆ ਦੁਨੀਆਂ ਤੋਂ, ਜਿਸ ਨੇ ਤੇਰਾ ਰੂਪ ਪਛਾਤਾ ।
ਭਰੀਆਂ ਫ਼ਸਲਾਂ ਦੀ, ਹੋਈ ਹਰ ਪਾਸੇ ਹਰਿਆਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ 'ਤੇ ਖੜਾ ਸਵਾਲੀ ।

੪

ਤੇਰੇ ਦਰ ਤੇ ਲੱਖਾਂ ਹੀ, ਹਰ ਰੋਜ਼ ਪ੍ਰਾਣੀ ਆਉਂਦੇ ।
ਕੋਈ ਝਾੜੇ ਜੋੜਿਆਂ ਨੂੰ, ਕਿਧਰੇ ਲੰਗਰ ਪਏ ਪਕਾਉਂਦੇ ।
ਆ ਸ਼ਰਧਾ ਵਾਲੇ ਜੀ, ਮੰਗਦੇ ਸਭਨਾਂ ਦੀ ਖ਼ੁਸ਼ਹਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ 'ਤੇ ਖੜਾ ਸਵਾਲੀ ।

੫

ਉਹ ਧੰਨ ਹੋ ਗਿਆ ਜੀ, ਜਿਸ ਨੇ ਤੇਰੀ ਓਟ ਟਕਾਈ ।
ਲੱਗ ਤੇਰੇ ਚਰਨਾਂ ਤੇ, ਉਸ ਨੇ ਜੀਵਨ ਮੁਕਤੀ ਪਾਈ ।
ਜੋ ਮਿਹਨਤ ਕਰਦੇ ਨੇ, ਤੈਨੂੰ ਜਪਦੇ ਹਾਲੀ ਪਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ 'ਤੇ ਖੜਾ ਸਵਾਲੀ ।

੬

ਤੇਰੇ ਮਰਜੀਵੜਿਆਂ, ਕਈਆਂ ਸੀਸ ਧਰਮ ਤੋਂ ਵਾਰੇ ।
ਤੇਰਾ ਕੋਈ ਸਾਨੀ ਨਾ, ਤੂੰ ਤੇ ਵਾਰ ਦਿੱਤੇ ਨੇ ਸਾਰੇ ।

ਸੂਰੇ ਚਮਕੌਰ ਲੜੇ, ਤੇਰੇ ਸਿੰਘ ਦਾਤਾ ਸੀ ਚਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ ’ਤੇ ਖੜਾ ਸਵਾਲੀ ।

੭

ਸਭ ਸੇਵਕ ਚਾਹੁੰਦੇ ਨੇ, ਹੋਵੇ ਹਰ ਪਾਸੇ ਖ਼ੁਸ਼ਹਾਲੀ ।
ਫੁੱਲ ਦੇਣ ਸੁਗੰਧੀਆਂ ਜੀ, ਖ਼ੁਸ਼ ਰਹੇ ਬਾਗ਼ ਦਾ ਮਾਲੀ ।
ਮਾੜੇ ਨੂੰ ਲੁੱਟੇ ਨਾ, ਏਥੇ ਕੋਈ ਸ਼ਕਤੀਸ਼ਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ ’ਤੇ ਖੜਾ ਸਵਾਲੀ ।

੮

ਬਵੰਜਾਂ ਕਵੀਆਂ ਨੇ, ਇੱਜ਼ਤ ਤੇਰੇ ਦਰ ਤੋਂ ਪਾਈ ।
ਦੇ ਸੋਝੀ ਵਿੱਦਿਆ ਦੀ, ਤੈਨੂੰ “ਢਿੱਲੋਂ” ਸੀਸ ਝੁਕਾਈ ।
ਗਾਵਾ ਜੱਸ ਤੇਰਾ ਮੈਂ, ਦਾਤਾ ਤੂੰ ਹੈ ਸਭ ਦਾ ਵਾਲੀ ।
ਭਰ ਝੋਲੀ ਖ਼ੈਰਾਂ ਦੀ, ਤੇਰੇ ਦਰ ’ਤੇ ਖੜਾ ਸਵਾਲੀ ।

## 2- ਕੋਰੜਾ

੧

ਰਲ ਮਿਲ ਸਾਰੇ, ਬੱਚੇ ਮੌਜਾਂ ਮਾਣਦੇ ।
ਖੇਡਦੇ ਜਵਾਕ, ਇੱਕੋ ਜਿਹੇ ਹਾਣ ਦੇ ।
ਮਨ ਭਾਉਂਦੀ ਖੇਡ, ਬਣੀ ਹਰ ਬਾਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੨

ਖੇਤਾਂ ਵਿੱਚ ਰਹੇ, ਅਸੀਂ ਵੱਗ ਚਾਰਦੇ ।
ਖੇਡਦੇ ਸੀ ਖੇਡਾਂ, ਨਾਲ ਸਤਿਕਾਰ ਦੇ ।
ਰੁੱਤ ਗਰਮੀ ਦੀ, ਹੋਵੇ ਜਾਂ ਸਿਆਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੩

ਇਸ ਖੇਡ ਵਿੱਚ, ਲੱਗੇ ਕੋਈ ਮੁੱਲ ਨਾ ।
ਹੋਰ ਖੇਡ ਕੋਈ, ਵੀਰੋ ਇਦ੍ਹੇ ਤੁੱਲ ਨਾ ।
ਸੋਚ ਸਾਰਿਆਂ ਦੀ, ਇੱਕੋ ਸੀ ਖ਼ਿਆਲ ਦੀ
ਗੁੱਲੀ ਡੰਡਾ ਖੇਡ,ਵੀਰਨੋ ਕਮਾਲ ਦੀ ।

੪

ਤਿੰਨ ਵਾਰੀ ਲੱਗੇ, ਜੇ ਨਾ ਟੁੱਲ ਮਿੱਤਰੋ ।
ਵਾਰੀ ਖੇਡਣ ਦੀ, ਹੁੰਦੀ ਗੁੱਲ ਮਿੱਤਰੋ ।
ਸ਼ੁਰੂ ਵਾਰੀ ਹੁੰਦੀ, ਦੂਜੇ ਭਾਈਵਾਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੫

ਗੁੱਲੀ ਖੁੱਤੀ ਵਿਚੋਂ, ਜਾਵੇ ਵਾਂਗ ਰੇਲ ਦੇ ।
ਦੂਜੇ ਨਾਗ ਵਾਂਗੂੰ, ਪਿੱਛੇ ਜਾਂਦੇ ਪੇਲ ਦੇ ।
ਜਿੱਤਣ ਦਾ ਮੌਕਾ, ਦੂਜੀ ਟੀਮ ਭਾਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੬

ਯਾਰਾਂ ਨਾਲ ਖੇਡ, ਮਿਲਦਾ ਸਕੂਨ ਸੀ ।
ਹੁੰਦਾ ਜੋਸ਼ ਵਾਲਾ, ਵੱਖਰਾ ਜਨੂੰਨ ਸੀ ।
ਖੇਡੀ ਜਾਂਦੀ ਖੇਡ, ਇਹ ਤਾਂ ਕਈ ਸਾਲ ਦੀ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੭

ਗੁੱਲੀ ਡੰਡੇ ਨਾਲ, ਪਾ ਲਿਆ ਪਿਆਰ ਸੀ।
ਇਕ ਦੂਸਰੇ ਦੇ, ਬਣੇ ਗੂੜ੍ਹੇ ਯਾਰ ਸੀ ।
ਗੱਲ ਕਰਦਾ ਨਾ, ਕੋਈ ਵੀ ਮਲਾਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੮

ਪਹਿਲਾ ਹੁੰਦੇ ਸਾਰੇ, ਸਾਂਝੇ ਪਰਿਵਾਰ ਸੀ ।
ਖੁਲ ਦਿਲੇ ਲੋਕ, ਬੜੇ ਦਿਲਦਾਰ ਸੀ ।
ਖੇਡ ਗੁੱਲੀ ਡੰਡਾ, ਜਾਂ ਸੀ ਫੁੱਟਬਾਲ ਦੀ ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

੯

ਖੇਡ ਹੈ ਪਿਆਰੀ, ਵਿੱਚ ਸੰਸਾਰ ਦੇ ।
ਖੇਡਦੇ ਨੇ ਹਾਣੀ, ਇੱਕੋ ਹੀ ਵਿਚਾਰ ਦੇ ।
ਟੋਲੀ ਖੇਡਦੀ ਸੀ, ਢਿੱਲੋਂ ਤੇ ਦਿਆਲ ਦੀ।
ਗੁੱਲੀ ਡੰਡਾ ਖੇਡ, ਵੀਰਨੋ ਕਮਾਲ ਦੀ ।

# 3. ਗ਼ਜ਼ਲ - ਮਾਲਕ

੧

ਸਭ ਦਾ ਮਾਲਕ ਦਿਲ ਵਿਚ ਰਹਿੰਦਾ
ਉਸ ਦੇ ਨੇੜੇ ਕਿਉਂ ਨਾ ਬਹਿੰਦਾ ।

੨

ਉਹ ਤਾਂ ਤੇਰੇ ਅੰਦਰ ਵੱਸੇ
ਤੈਨੂੰ ਨਜ਼ਰੀਂ ਕਿਉਂ ਨਾ ਪੈਂਦਾ ।

੩

ਕਾਰੇ ਤੇਰੇ ਸਾਰੇ ਮਾੜੇ
ਏਸੇ ਕਰਕੇ ਦੁਖ ਹੈ ਸਹਿੰਦਾ ।

੪

ਮਾੜੇ ਪੈਰਾਂ ਹੇਠ ਲਿਤਾੜੇ,
ਤਕੜੇ ਸੰਗ ਕਦੇ ਨਾ ਖਹਿੰਦਾ ।

੫

ਕੱਚਾ ਬੰਕਰ ਰੇਤਾ ਵਾਲਾ
ਉਹ ਵੀ ਆਖਰ ਜਲਦੀ ਢਹਿੰਦਾ

੬

ਨੇਕੀ ਕਰਕੇ ਪੁੰਨ ਕਮਾ ਲੈ
ਵਹਿਣੀ ਪੁੱਠੀ ਕਿਉਂ ਹੈ ਵਹਿੰਦਾ ।

੭

ਬਖਸ਼ਣਹਾਰਾ ਉਹ ਹੈ ਭਾਈ ।
ਦਰ ਆਏ ਨੂੰ ਬੁੱਕਲ ਲੈਂਦਾ ।

੮

ਜਿਸ ਦੀ ਰਹਿਮਤ ਸਭ ਦੇ ਉੱਤੇ,
'ਢਿੱਲੋਂ' ਉਸ ਨੂੰ ਮਾਲਕ ਕਹਿੰਦਾ ।

# 4. ਮਾਂ ਜੈਸਾ

੧

ਮਾਂ ਜੈਸਾ ਹਮਦਰਦ ਕੋਈ ਨਾ, ਹਰ ਕੋਈ ਹੀ ਜਾਣੇ ।
ਬੱਚੇ ਦੇ ਰਗ ਰਗ ਦੀ ਜਾਣੇ, ਐਸੀ ਨਬਜ਼ ਪਹਿਚਾਣੇ ।
ਮਾਂ ਕੁੱਟੇ ਦਰਦ ਕੋਈ ਨਾ, ਭਾਵੇਂ ਮਾਰੇ ਡੰਡੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

੨

ਦੁੱਖ ਬੱਚੇ ਦਾ ਜਰ ਨਾ ਸਕੇ, ਮਮਤਾ ਮੂਰਤ ਪਿਆਰੀ ।
ਦੁੱਖ ਪੁੱਤਰ ਦਾ ਕੱਟਣ ਲਈ, ਬਣ ਜਾਂਦੀ ਹੈ ਆਰੀ ।
ਰੰਬਾ ਤੇ ਬੱਚਾ ਚੰਗੇਰੇ, ਜੋ ਹੁੰਦੇ ਨੇ ਚੰਡੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

੩

ਭੁੱਖੀ ਰਹਿ ਕੇ ਬੱਚੇ ਪਾਲਦੀ, ਕਿਹੜਾ ਇਸ ਦਾ ਸਾਨੀ ।
ਮਾਂ ਤੋਂ ਵੱਧ ਕੌਣ ਹੈ ਕਰਦਾ, ਪੁੱਤ ਲਈ ਕੁਰਬਾਨੀ ।
ਧਰਮੀ ਮਾਂ ਦੇ ਪੁੱਤ ਸੂਰਮੇ, ਸਦਾ ਝੁਲਾਉਂਦੇ ਝੰਡੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

੪

ਪੁੱਤਰ ਲਈ ਅਰਦਾਸ ਮਾਂ ਦੀ, ਰੱਬ ਸਦਾ ਹੀ ਮੰਨੇ ।
ਡੁੱਬਦੀ ਬੇੜੀ ਪੁੱਤਰ ਵਾਲੀ, ਮਾਂ ਲਾਉਂਦੀ ਹੈ ਬੰਨੇ
ਸਭਨਾ ਤਾਈਂ ਚੰਗਾ ਖਵਾਕੇ, ਸੁੱਕੇ ਖਾਵੇ ਮੰਡੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

੫

ਸਵੇਰ ਤੋਂ ਹੀ ਸ਼ਾਮਾਂ ਤਾਈਂ, ਕੰਮ ਬੜਾ ਹੈ ਕਰਦੀ ।
ਦੁਖ ਤਕਲੀਫਾਂ ਕਸ਼ਟ ਸੈਂਕੜੇ, ਹੱਸ ਹੱਸ ਕੇ ਜਰਦੀ ।
ਪੁੱਤਰ ਤਾਈਂ ਸੁੱਕੇ ਪਾ ਕੇ, ਆਪ ਪੈਂਦੀ ਹੈ ਠੰਢੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

੬

ਮਾਂ ਦਾ ਦਰਜਾ ਸਭ ਤੋਂ ਉੱਚਾ, ਕਹਿੰਦੇ ਲੋਕ ਸਿਆਣੇ ।

ਮਾਂ ਨੇ ਜਿੰਨੇ ਕਸ਼ਟ ਝੱਲੇ ਨੇ, ਹੋਰ ਕੋਈ ਨਾ ਜਾਣੇ ।
ਮਾਂ ਦੇ ਚਰਨੀ ਜੰਨਤ ਹੁੰਦੀ, ਢਿੱਲੋਂ, ਕੋਈ ਨਾ ਭੰਡੇ ।
ਮਾਂ ਹੁੰਦੀ ਘਣਛਾਵਾਂ ਬੂਟਾ, ਛਾਂ ਠੰਢੀ ਇਹ ਵੰਡੇ ।

## 5. ਗ਼ਜ਼ਲ ਫੇਲੁਨ ਫੇ ਮਤਲਾ

ਨਣਦਾਂ ਤੇ ਭਰਜਾਈਆਂ ਦਾ, ਰਿਸ਼ਤਾ ਬੜਾ ਨਿਆਰਾ ਹੈ ।
ਮਾਂ ਵਰਗੀ ਭਰਜਾਈ ਹੋਵੇ, ਮਿਲਦਾ ਬਹੁਤ ਸਹਾਰਾ ਹੈ ।

ਉਹ ਘਰ ਹੁੰਦੇ ਕਰਮਾਂ ਵਾਲੇ, ਜਿੱਥੇ ਹਾਸੇ ਪੈਂਦੇ ਨੇ,
ਧੀ ਨੂੰ ਪੇਕੇ ਵਾਲਾ ਵੇਹੜਾ, ਹੁੰਦਾ ਅੱਤ ਪਿਆਰਾ ਹੈ ।

ਚਾਈਂ-ਚਾਈਂ ਧੀਆਂ ਪੇਕੇ, ਦੂਰੋਂ ਚਲ ਕੇ ਆਵਣ ਜੀ ।
ਭੈਣਾਂ ਭਾਈਆਂ ਦਾ ਰਿਸ਼ਤਾ, ਵਗਦੇ ਜਲ ਦੀ ਧਾਰਾ ਹੈ ।

ਮਾਂ ਦੀ ਥਾਂ ਭਰਜਾਈ ਲੈਂਦੀ, ਸੱਚ ਸਿਆਣੇ ਕਹਿੰਦੇ ਨੇ ।
ਇੱਕ ਇੱਕ ਕਰਕੇ ਹੋਣ ਗਿਆਰਾਂ, ਬੱਝੇ ਸਾਕ ਕਰਾਰਾ ਹੈ ।

ਹਰ ਮੌਕੇ 'ਤੇ ਹੋਣ ਸਹਾਈ, ਨਣਦਾਂ ਤੇ ਭਰਜਾਈਆਂ ।
ਉਸ ਘਰ ਹੋਵੇ ਰੱਬੀ ਵਾਸਾ, ਕਾਦਰ ਪਾਲਣਹਾਰਾ ਹੈ ।

ਬਜ਼ੁਰਗ ਦੀ ਜੋ ਸੇਵਾ ਕਰਦਾ, ਰੱਬੀ ਫਲ ਹੈ ਪਾਉਂਦਾ ਉਹ ।
ਮਾਪੇ ਉਸ ਨੂੰ ਦੇਣ ਅਸੀਸਾਂ, ਮਾਂ ਦਾ ਰਾਜ ਦੁਲਾਰਾ ਹੈ ।

ਨੂੰਹ ਨੂੰ ਧੀ ਹੀ ਜਾਣੇ ਜਿਹੜਾ, ਸਮਝੋ ਫ਼ਰਜ਼ਾਂ ਵਾਲਾ ਜੀ,
ਜੋ ਵੀ ਕੁਦਰਤ ਤਾਈਂ ਮੰਨੇ, ਉਸ ਦਾ ਪਾਰ ਉਤਾਰਾ ਹੈ ।

ਨਣਦਾਂ ਭਰਜਾਈਆਂ ਵਾਲਾ, ਏਕਾ ਸਭ ਦੁੱਖ ਘਟਾਉਂਦਾ ।
ਜਿੱਥੇ ਭਾਈ ਬੈਠਣ 'ਢਿੱਲੋਂ', ਵਧਦਾ ਭਾਈਚਾਰਾ ਹੈ ।

# ਬਹੁ-ਪੱਖੀ ਸਾਹਿਤਕਾਰ ਅਤੇ ਸਾਹਿਤਕ ਆਗੂ ਮਨਮੋਹਨ ਸਿੰਘ ਬਾਸਰਕੇ

**# 99147 16616**



ਪੰਜਾਬੀ ਮਾਂ-ਬੋਲੀ ਦੇ ਅਲੰਬਰਦਾਰ, ਹਰਮਨ ਪਿਆਰੇ ਸਾਹਿਤਕ ਆਗੂ, ਮਿੱਠਬੋਲੜੇ ਸੱਜਣ, ਪ੍ਰਸਿੱਧ ਪੰਜਾਬੀ ਕਹਾਣੀਕਾਰ, ਨਾਵਲਕਾਰ, ਬਾਲ-ਲੇਖਕ, ਨਾਟਕ ਲੇਖਕ ਅਤੇ ਇਤਿਹਾਸਕ ਨਗਰਾਂ ਦੇ ਸਰਵੇਕਾਰ ਸਵਃ ਮਨਮੋਹਨ ਸਿੰਘ ਬਾਸਰਕੇ ਦਾ ਜਨਮ ਗੁਰੂ ਸਾਹਿਬਾਨ ਅਤੇ ਸਿੱਖ ਵਿਦਵਾਨਾਂ ਨਾਲ ਸਬੰਧਤ ਨਗਰ ਬਾਸਰਕੇ ਗਿੱਲਾਂ ਵਿਖੇ ਪਿਤਾ ਗਿਆਨੀ ਹਜ਼ਾਰਾ ਸਿੰਘ ਪ੍ਰੇਮੀ ਅਤੇ ਮਾਤਾ ਸ੍ਰੀਮਤੀ ਸਵਿੰਦਰ ਕੌਰ ਦੇ ਘਰ 16 ਮਾਰਚ 1959 ਨੂੰ ਹੋਇਆ। ਉਹ ਆਪਣੇ ਤਿੰਨ ਭਰਾਵਾਂ ਅਤੇ ਚਾਰ ਭੈਣਾਂ ਦੇ ਪਰਿਵਾਰ ਵਿੱਚ ਪੰਜਵੇਂ ਥਾਂ ਤੇ ਸੀ । ਕੁਦਰਤ ਨੇ ਉਹਦੇ ਨਾਲ ਬਚਪਨ ਵਿੱਚ ਹੀ ਇਨਸਾਫ਼ ਨਾ ਕੀਤਾ ਅਤੇ ਪੋਲੀਓ ਦੀ ਨਾ-ਮੁਰਾਦ ਬਿਮਾਰੀ ਕਾਰਨ ਉਹਦੀ ਇੱਕ ਲੱਤ ਕੁਝ ਕਮਜ਼ੋਰ ਹੋ ਗਈ ਜੋ ਹਰ ਤਰ੍ਹਾਂ ਦਾ ਇਲਾਜ ਕਰਾਉਣ ਦੇ ਬਾਵਜੂਦ ਵੀ ਠੀਕ ਨਾ ਹੋਈ ਅਤੇ ਉਹਨੂੰ ਕੈਲੀਪਰਜ਼ ਦਾ ਸਹਾਰਾ ਲੈਣਾ ਪਿਆ। ਦੂਜੇ ਪਾਸੇ ਇਸ ਘਾਟ ਨੂੰ ਕੁਦਰਰਤ ਨੇ ਉਹਨੂੰ ਜ਼ਰਖੇਜ਼ ਦਿਮਾਗ ਦੇ ਕੇ ਪੂਰਾ ਕਰ ਦਿੱਤਾ। ਸਾਰਾ ਜੀਵਨ ਬੜਾ ਸੰਘਰਸ਼ਮਈ ਰਿਹਾ ਪਰ ਹਾਲਾਤਾਂ ਦਾ ਮੁਕਾਬਲਾ ਹਿੰਮਤ ਅਤੇ ਬਹਾਦਰੀ ਨਾਲ਼ ਕਰਦਿਆਂ ਉਹਨੇ ਮੈਟ੍ਰਿਕ ਤੱਕ ਪੜ੍ਹਾਈ ਕੀਤੀ। ਉਪ੍ਰੰਤ ਅੰਗਹੀਣ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਝੰਡੇ ਹੇਠ ਅੰਗਹੀਣਾਂ ਨੂੰ ਪੰਜਾਬ ਸਰਕਾਰ ਵੱਲੋਂ ਮਿਣਯੋਗ ਸਹੂਲ਼ਤਾਂ (ਬੱਸ/ਰੇਲ ਸਫ਼ਰ ਲਈ ਪਾਸ, ਪੜ੍ਹਾਈ ਸਮੇਂ ਵਜੀਫ਼ੇ, ਰੋਜ਼ਗਾਰ ਲਈ ਸਸਤੇ ਕਰਜ਼ੇ ਅਤੇ ਸਰਕਾਰੀ ਨੌਂਕਰੀਆਂ ਵਿੱਚ ਰਿਜ਼ਰਵੇਸ਼ਨ ਆਦਿ) ਦਿਵਾਉਣ ਵਿੱਚ ਉਹਨਾਂ ਦੀ ਅਗਵਾਈ ਅਤੇ ਸਹਾਇਤਾ ਕੀਤੀ ।  ਰਾਖਵੇਂਕਰਨ ਦਾ ਲਾਭ ਲੈ ਕੇ ਆਪ ਵੀ ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਕਲਰਕ ਦੀ ਪੋਸਟ ਤੇ ਨਿਯੁਕਤ ਹੋਇਆ ਅਤੇ ਆਪਣੀ ਮਿਹਨਤ ਤੇ ਇਮਾਨਦਾਰੀ ਸਦਕਾ ਲੱਗਭੱਗ 35 ਸਾਲ ਦੀ ਸੇਵਾ ਕਰਕੇ ਬਤੌਰ

ਸੁਪਰਡੈਂਟ ਰਿਟਾਇਰ ਹੋਇਆ। ਉਹਨੇ ਆਪਣੇ ਛੋਟੇ ਭਰਾਵਾਂ ਦੀ ਵੀ ਯਥਾਯੋਗ ਅਗਵਾਈ ਅਤੇ ਸਹਾਇਤਾ ਕੀਤੀ। ਛੋਟੇ ਭਰਾ ਸ੍ਰ. ਇੰਦਰਜੀਤ ਸਿੰਘ ਬਾਸਰਕੇ ਜੋ ਕਾਂਗਰਸ ਪਾਰਟੀ ਦਾ ਸੂਬਾਈ ਆਗੂ ਹੈ, ਦਾ ਕਹਿਣਾ ਹੈ ਕਿ ਉਹਨੇ ਆਪਣੇ ਵੱਡੇ ਭਰਾ ਮਨਮੋਹਨ ਸਿੰਘ ਦੀ ਵੱਡਮੁੱਲੀ ਅਗਵਾਈ ਤੇ ਮਦਦ ਨਾਲ਼ ਹੀ ਰਾਜਨੀਤੀ ਵਿੱਚ ਸਨਮਾਨ-ਯੋਗ ਸਥਾਨ ਹਾਸਲ ਕੀਤਾ ਹੈ।

ਉਹਨੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦਿਆਂ 15 ਪੁਸਤਕਾਂ ਲਿਖ ਕੇ ਸਾਹਿਤਕ ਪਿੜ ਵਿੱਚ ਗੌਲਣਯੋਗ ਥਾਂ ਬਣਾਈ। ਇਹਨਾਂ ਪੁਸਤਕਾਂ ਵਿੱਚ ਬੇਨਾਮ ਰਿਸ਼ਤੇ, ਗੁਆਚੇ ਪਲਾਂ ਦੀ ਦਾਸਤਾਨ, ਮੁੱਠੀ 'ਚੋਂ ਕਿਰਦੀ ਰੇਤ (ਕਹਾਣੀ-ਸੰਗ੍ਰਿਹਿ), ਖ਼ਾਰਾ ਪਾਣੀ (ਨਾਵਲ), ਕੁੱਕੜੂੰ ਘੜੂੰ (ਬਾਲ-ਕਵਿਤਾਵਾਂ), ਛਿਹਰਟਾ ਸਾਹਿਬ, ਅਟਾਰੀ, ਰਮਦਾਸ, ਨੂਰਦੀ, ਬਾਸਰਕੇ ਗਿੱਲਾਂ (ਸਰਵੇ-ਪੁਸਤਕਾਂ), ਭਲੇ ਅਮਰਦਾਸ ਗੁਣ ਤੇਰੇ (ਨਾਟਕ) ਅਤੇ 'ਸੈਣ ਰੂਪ ਹਰਿ ਜਾਇ ਕੈ' ਜੀਵਨੀ ਭਗਤ ਸੈਣ ਜੀ ਸ਼ਾਮਲ ਹਨ। ਉਹਦੀਆਂ ਕਈ ਕਹਾਣੀਆਂ ਤੇ ਕਵਿਤਾਵਾਂ ਦਾ ਆਲ ਇੰਡੀਆ ਰੇਡੀਓ ਤੇ ਦੂਰ-ਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਸਾਰਣ ਹੋਇਆ ਤੇ ਨਾਵਲ 'ਖ਼ਾਰੇ ਪਾਣੀ' ਦਾ ਯੂ-ਟਿਊਬ ਤੋਂ ਲੜੀਵਾਰ ਪਾਠ-ਪ੍ਰਸਾਰਿਤ ਕੀਤਾ ਗਿਆ। ਉਹ ਕਹਾਣੀਕਾਰ ਮੰਚ ਅੰਮ੍ਰਿਤਸਰ ਦਾ ਕਨਵੀਨਰ, ਸਰਹੱਦੀ ਸਾਹਿਤ ਸਭਾ ਅੰਮ੍ਰਿਤਸਰ (ਰਜਿ) ਦੇ ਜਨਰਲ ਸਕੱਤਰ, ਸਰਹੱਦੀ ਸਾਹਿਤ ਸਭਾ ਝਬਾਲ (ਤਰਨਤਾਰਨ) ਦੇ ਜਨਰਲ ਸਕੱਤਰ ਅਤੇ ਕਈ ਹੋਰ ਸਮਾਜ-ਸੇਵਕ ਸਭਾ-ਸੁਸਾਇਟੀਆਂ ਦੇ ਮੈਂਬਰ ਸਨ। ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਨਾਲ਼ ਉਹਦਾ ਖਾਸ ਲਗਾਉ ਸੀ। ਸੱਚ ਤਾਂ ਇਹ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਤੇ ਤਰਨਤਾਰਨ ਦੀ ਕਿਸੇ ਵੀ ਨੁੱਕਰ ਵਿੱਚ ਜਦੋਂ ਵੀ ਕਦੇ ਕੋਈ ਸਾਹਿਤਕ ਸਮਾਗਮ ਹੁੰਦਾ ਸੀ, ਮੌਸਮ ਤੇ ਮੁਸ਼ਕਿਲਾਂ ਦੀ ਪ੍ਰਵਾਹ ਕੀਤੇ ਬਗੈਰ ਉਹ ਉੱਥੇ ਪਹੁੰਚਾ ਜਾਂਦਾ ਸੀ। ਉਹ ਸਮਕਾਲੀ ਸਾਹਿਤਕਾਰਾਂ ਦਾ ਉਸਾਰੂ ਅਲੋਚਕ ਤੇ ਹਮਦਰਦ ਆਗੂ ਬਣ ਕੇ ਸਹੀ ਦਿਸ਼ਾ-ਨਿਰਦੇਸ਼ਣ ਕਰਕੇ ਨਵੇਂ ਸਾਹਿਤਕਾਰਾਂ ਨੂੰ ਹੱਲਾਸ਼ੇਰੀ ਵਾਲ਼ਾ ਸ਼ਖ਼ਸ ਸੀ। ਇਸ ਤਰ੍ਹਾਂ ਉਹ ਬਹੁਤ ਸਾਰੀਆਂ ਕਲਮਾਂ ਦਾ ਪ੍ਰੇਰਨਾ-ਸ੍ਰੋਤ ਬਣਿਆ।

ਪੰਜਾਬੀ ਸਾਹਿਤ ਜਗਤ ਅਤੇ ਪਰਿਵਾਰ ਨੂੰ ਉਹਦੀਆਂ ਸੇਵਾਵਾਂ ਦੀ ਅਜੇ ਬੜੀ ਲੋੜ ਸੀ ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਕੈਂਸਰ ਦੀ ਨਾ-ਮੁਰਾਦ ਬਿਮਾਰੀ ਨੇ ਉਹਨੂੰ ਥੋੜ੍ਹੇ ਚਿਰ ਵਿੱਚ ਹੀ ਨਚੋੜ ਦਿੱਤਾ ਤੇ ਉਹ ਆਪਣੇ ਪਿੱਛੇ ਜੀਵਨ-ਸਾਥਣ ਸ੍ਰੀ ਮਤੀ ਸਰਬਜੀਤ ਕੌਰ, ਬੇਟੇ ਕਰਮਜੀਤ ਸਿੰਘ, ਬਿਕ੍ਰਮਜੀਤ ਸਿੰਘ, ਬੇਟੀ ਰਾਜਵਿੰਦਰ ਕੌਰ, ਨੂੰਹਾਂ-ਪੋਤਿਆਂ-ਦੋਹਤਿਆਂ ਅਤੇ ਭੈਣ-ਭਰਾਵਾਂ ਸੰਗ ਬਹੁਤ ਸਾਰੇ ਪੰਜਾਬੀ ਪਿਆਰਿਆਂ ਨੂੰ ਵਿਲਕਦੇ ਛੱਡ ਕੇ 29.10.2023 ਨੂੰ ਆਪ ਉਹਨਾਂ ਰਾਹਾਂ ਦਾ ਪਾਂਧੀ ਬਣ ਗਿਆ ਜਿਹਨਾਂ ਤੇ ਗਿਆ ਕਦੇ ਕੋਈ ਵਾਪਸ ਨਹੀਂ ਆਇਆ। ਪੰਜਾਬੀ ਸਾਹਿਤ ਅਤੇ ਸਮਾਜ-ਸੇਵਾ ਵਿੱਚ ਪਾਏ ਯੋਗਦਾਨ ਕਰਕੇ ਉਹਨੂੰ ਸਾਹਿਤਕ ਹਲਕਿਆਂ ਵਿੱਚ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਉਹ ਆਪਣੀ ਨੌਕਰੀ

ਦੌਰਾਨ ਹੀ ਰਿਹਾਇਸ਼ ਬਦਲ ਕੇ ਭੱਲਾ ਕਲੋਨੀ, ਛੇਹਰਟਾ (ਅੰਮ੍ਰਿਤਸਰ) ਵਿਖੇ ਲੈ ਗਿਆ ਸੀ। ਇਸ ਵੇਲੇ ਉਹਦਾ ਸਾਰਾ ਪਰਿਵਾਰ ਇੱਥੇ ਹੀ ਰਹਿੰਦਾ ਹੈ। **ਜ. ਸ. ਮਾਣੋਚਾਹਲ**

ਬਾਸਰਕੇ ਦੀਆਂ ਬਾਲ-ਕਵਿਤਾਵਾਂ :-

## 1. ਜੀਅ ਕਰਦਾ ਆਸਮਾਨੀ ਉੱਡ ਜਾਵਾਂ,

ਉੱਚੀਆਂ ਉੱਚੀਆਂ ਉਡਾਰੀਆਂ ਲਾਂਵਾ ।
ਇਥੇ ਤਾਂ ਮਨ ਮੇਰਾ ਸੱਚੀਂ ਘੁਟਦਾ,
ਜਾਤਾਂ ਪਾਤਾਂ ਦੇ ਬੰਧਨ ਤੋਂ ਛੂਟ ਜਾਵਾ ।
ਖ਼ੁਸ਼ੀਆਂ ਖੇੜਿਆਂ ਦੇ ਵਿਚ ਰਹਾਂ ਮੈਂ,
ਨਾ ਰੋਵਾਂ ਨਾ ਹੀ ਕਿਸੇ ਤਾਂਈ ਰੁਵਾਂਵਾ ।
ਅਗਿਆਨਤਾ ਦਾ ਮੈਂ ਕਰਾ ਦੂਰ ਹਨੇਰਾ,
ਗਿਆਨ ਦਾ ਦੀਪ ਮੈਂ ਰੁਸ਼ਨਾਵਾਂ ।
ਗ਼ਰੀਬ ਦੀ ਇਥੇ ਕੋਈ ਵਾਤ ਨਾ ਪੁੱਛਦਾ,
ਦੁੱਖ ਕੰਗਾਲੀ ਕਿਵੇਂ ਦੂਰ ਕਰਾਵਾਂ ।
ਜੋ ਨੇ ਦਰ ਦਰ ਭਟਕਦੇ ਫਿਰਦੇ
ਇਨਸਾਫ਼ ਉਹਨਾਂ ਨੂੰ ਕਿਵੇ ਦਿਵਾਂਵਾ ।
ਵਿਦਿਆ ਹੋ ਗਈ ਸਭ ਤੋਂ ਮਹਿੰਗੀ,
ਕਿਥੋਂ ਸਸਤਾ ਸਕੂਲ ਲਿਆਵਾਂ ।
ਇਲਾਜ ਖੁਣੋਂ ਗ਼ਰੀਬ ਹੈ ਮਰਦਾ,
ਮਨਮੋਹਨ ਬਾਸਰਕੇ ਸੱਚ ਸੁਣਾਵਾਂ ।

## 2. ਬਾਲ ਗੀਤ

ਪਿੰਡ ਦਾ ਨਾਂ ਚਮਕਾਉਣਾ ਏ
ਜਿਹਨਾਂ ਕੀਤੀ ਖੂਬ ਪੜ੍ਹਾਈ
ਉੱਚੀ ਪਦਵੀਂ ਉਹਨਾਂ ਪਾਈ
ਮੈਂ ਸੱਚੋਂ -ਸੱਚ ਸੁਣਾਉਣਾ ਏ
ਕਰ ਮੇਹਨਤ ਨਾਲ਼ ਪੜ੍ਹਾਈ
ਪਿੰਡ ਦਾ ਨਾਂ ਚਮਕਾਉਣਾ ਏ ।

ਮੰਮੀ ਮੈਂ ਵਿਗਿਆਨ ਏ ਪੜ੍ਹਨਾ
ਉੱਚੀ ਮੰਜਲਿ ਅਸੀਂ ਏ ਚੜ੍ਹਨਾ
ਹੱਥ ਟੀਸੀ ਨੂੰ ਪਾਉਣਾ ਏ
ਕਰ ਮੇਹਨਤ ਨਾਲ਼ ਪੜ੍ਹਾਈ
ਪਿੰਡ ਦਾ ਨਾਂ ਚਮਕਾਉਣਾ ਏ ।

ਦਿਲ ਲਾ ਜੋ ਪੜ੍ਹਾਈ ਕਰਦੇ
ਇਮਤਿਹਾਨ ਤੋਂ ਕਦੀ ਨਾ ਡਰਦੇ
ਹਰ ਕੰਨੀ ਬੋਲ ਇਹ ਪਾਉਣਾ ਏ
ਕਰ ਮੇਹਨਤ ਨਾਲ਼ ਪੜ੍ਹਾਈ,
ਪਿੰਡ ਦਾ ਨਾਂ ਚਮਕਾਉਣਾ ਏ ।

'ਮਨਮੋਹਨ' ਸਰ ਸਬਕ ਪੜ੍ਹਾਇਆ
ਸਫ਼ਲਤਾ ਦੀ ਕੂੰਜੀ ਬਾਰੇ ਸਮਝਾਇਆ
ਅਸੀਂ ਪੈਰ ਨਾ ਪਿਛੇ ਪਾਉਣਾ ਏ
'ਬਾਸਰਕੇ' ਪਿੰਡ ਦਾ ਨਾਂ ਚਮਕਾਉਣਾ ਏ।

## 3. ਮੇਰਾ ਦੇਸ਼ ਮਹਾਨ

ਅੰਮ੍ਰਿਤਸਰ ਸਕਤੀ ਦਾ ਸੋਮਾ, ਨਾਂ ਜਿਸਦਾ ਹਰਿਮੰਦਰ ।
ਚਾਰ ਵਰਨ ਨੇ ਸੀਸ ਝੁਕਾਉਂਦੇ, ਆਣ ਇਸ ਦੇ ਅੰਦਰ ।
ਇਹਦੇ ਜਿਹਾ ਸਾਨੀ ਨਾ ਕੋਈ, ਸਾਰੇ ਵਿੱਚ ਜਹਾਨ ।
ਮੇਰਾ ਦੇਸ਼ ਮਹਾਨ ਦੋਸਤੋ, ਮੇਰਾ ਦੇਸ਼ ਮਹਾਨ ।

ਦੇਸ਼ ਮੇਰੇ ਦੇ ਬਾਂਕੇ ਗੱਭਰੂ, ਸੋਹਣੇ ਛੈਲ ਛਬੀਲੇ ।
ਕੜੀਆਂ ਵਰਗੇ ਡੋਲੇ ਇਨ੍ਹਾਂ ਦੇ, ਅੰਤਾਂ ਦੇ ਫੁਰਤੀਲੇ ।
ਕੈਰੀ ਅੱਖ ਨਾਲ ਵੈਰੀ ਜੇ ਵੇਖੇ, ਕੱਢ ਦੇਂਦੇ ਨੇ ਜਾਨ ।
ਮੇਰਾ ਦੇਸ਼ ਮਹਾਨ ਦੋਸਤੋ, ਮੇਰਾ ਦੇਸ਼ ਮਹਾਨ ।

ਸਿਫ਼ਤ ਕਰਾਂ ਕੀ ਧੀਆਂ ਦੀ, ਦੁੱਧ ਪਲੀਆਂ ਮੁਟਿਆਰਾਂ।
ਭੱਤੇ ਲੈ ਕੇ ਖੇਤੀ ਜਾਂਦੀਆਂ, ਜਿਓਂ ਹਿਰਨਾਂ ਦੀਆਂ ਡਾਰਾਂ।
ਧੀਆਂ ਵੀ 'ਮਨਮੋਹਨ' ਸਾਡੀਆ , ਪੁੱਤਰਾਂ ਦੇ ਸਮਾਨ।
ਮੇਰਾ ਦੇਸ਼ ਮਹਾਨ ਦੋਸਤੋ, ਮੇਰਾ ਦੇਸ਼ ਮਹਾਨ ।

ਹਿੰਦੂ ਮੁਸਲਮ ਸਿੱਖ ਇਸਾਈ, ਸਭ ਮਿਲਕੇ ਰਹਿੰਦੇ ।
ਮੈਂ ਮਰਾਂ ਤੇ ਭਾਰਤ ਜੀਵੇ, ਸਭ ਮਿਲਕੇ ਨੇ ਕਹਿੰਦੇ ।
ਗੁਜਰਾਤੀ ਬੰਗਾਲੀ 'ਬਾਸਰਕੇ', ਸਭ ਨੇ ਇਸਦੀ ਸਾਨ।
ਮੇਰਾ ਦੇਸ਼ ਮਹਾਨ ਦੋਸਤੋ, ਮੇਰਾ ਦੇਸ਼ ਮਹਾਨ

## 3. ਬਾਲ ਕਵਿਤਾ - ਤੰਦਰੁਸਤੀ ਦੀਆਂ ਦਾਤਾਂ

ਸਾਫ਼ ਸੁਥਰਾ ਖਾਓ ਖਾਣਾ
ਬਾਸੀ ਚੀਜ਼ ਨੂੰ ਮੂੰਹ ਨਾ ਲਾਣਾ
ਫ਼ਲ ਖਾਓ ਤੇ ਸਿਹਤ ਬਣਾਓ
ਤੰਦਰੁਸਤੀ ਦੀਆਂ ਦਾਤਾਂ ਪਾਓ।

ਜੂਸ ਪੀਓ ਤੇ ਦੁੱਧ ਪੀਓ
ਲੰਮੀ ਉਮਰ ਬੱਚਿਓ ਜੀਓ
ਪੂਰੀ ਨੀਂਦ ਦਾ ਲੁਤਫ਼ ਉਠਾਓ
ਤੰਦਰੁਸਤੀ ਦੀਆਂ ਦਾਤਾਂ ਪਾਓ।

ਕਸਰਤ ਕਰਨੀ ਬਹੁਤ ਜ਼ਰੂਰੀ
ਸਮਝੋ ਨਾ ਇਸ ਨੂੰ ਮਜ਼ਬੂਰੀ
ਨੱਚੋ ਟੱਪੋ ਤੇ ਗੀਤ ਗਾਓ
ਤੰਦਰੁਸਤੀ ਦੀਆਂ ਦਾਤਾਂ ਪਾਓ।

ਰਾਤ ਨੂੰ ਖਾਓ ਥੋੜ੍ਹਾ ਖਾਣਾ
ਸੌਖਾ ਹੁੰਦਾ ਇਹ ਪਚਾਣਾ
'ਮਨਮੋਹਨ' ਹੋਰਾਂ ਨੂੰ ਸਮਝਾਓ
ਤੰਦਰੁਸਤੀ ਦੀਆਂ ਦਾਤਾਂ ਪਾਓ।

# ਸੁਰੀਲੀ ਤੇ ਬੁਲੰਦ ਆਵਾਜ਼ ਵਾਲ਼ਾ ਕਵੀ ਤੇ ਗੀਤਕਾਰ ਅਵਤਾਰ ਸਿੰਘ ਗੋਇੰਦਵਾਲ਼ੀਆ

**# 98558 10656**



ਵਿਦਵਾਨ ਕਵੀ ਤੇ ਗੀਤਕਾਰ ਅਵਤਾਰ ਸਿੰਘ ਗੋਇੰਦਵਾਲ਼ੀਆ ਜਦੋਂ ਕਦੇ ਕਵੀ-ਦਰਬਾਰ ਵਿੱਚ ਆਪਣੀ ਕਵਿਤਾ ਜਾਂ ਗੀਤ ਸੁਣਾ ਰਿਹਾ ਹੋਵੇ ਤਾਂ ਉਹਦੀ ਸੁਰੀਲੀ ਤੇ ਬੁਲੰਦ ਅਵਾਜ਼ ਸੁਣ ਕੇ ਸਰੋਤੇ ਕੀਲੇ ਜਾਂਦੇ ਹਨ। ਪੜ੍ਹਾਈ ਪੱਖੋਂ ਉਹ ਇਸ ਸਾਹਿਤਕ ਗੁਲਦਸਤੇ 'ਚ ਸ਼ਾਮਲ ਸਾਰੇ ਸਾਹਿਤਕਾਰਾਂ ਚੋਂ ਵੱਧ ਪੜ੍ਹਿਆ-ਲਿਖਿਆ ਹੈ ਪਰ ਸਾਦ-ਮੁਰਾਦੇ ਪਹਿਰਾਵੇ ਤੋਂ ਉਹਦੀ ਵਿਦਵਤਾ ਦਾ ਪਤਾ ਨਹੀਂ ਲਗਦਾ। ਉਸ ਦਾ ਜਨਮ ਸਿੱਖੀ ਦੇ ਧੁਰੇ ਗੁਰੂ ਅਮਰਦਾਸ ਜੀ ਦੇ ਵਰੋਸਾਏ ਹੋਏ ਨਗਰ ਸ੍ਰੀ ਗੋਇੰਦਵਾਲ਼ ਦੀ ਪਾਵਨ ਧਰਤੀ ਤੇ ਪਿਤਾ ਸ੍. ਕਰਨੈਲ ਸਿੰਘ ਪਹਿਲਵਾਨ ਅਤੇ ਮਾਤਾ ਸ੍ਰੀਮਤੀ ਮਹਿੰਦਰ ਕੌਰ ਦੇ ਘਰ 25 ਜੂਨ 1959 ਨੂੰ ਹੋਇਆ। ਮੈਟਰਿਕ ਸਰਕਾਰੀ ਹਾਈ ਸਕੂਲ ਫ਼ਤਿਹਾਬਾਦ ਤੋਂ, ਬੀ.ਏ. ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਤੋਂ, ਬੀ.ਐੱਡ. ਡੀ.ਐਮ. ਕਾਲਜ ਮੋਗਾ ਤੋਂ ਕਰਕੇ ਉਹਨੇ ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਤੋਂ ਪ੍ਰਾਈਵੇਟ ਕੀਤੀ। ਉਹ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਕ 18.04.94 ਤੋਂ 30.06.2019 ਤੱਕ ਸੇਵਾ ਕਰਕੇ ਹੁਣ ਪੈਨਸ਼ਨਰ ਵਜੋਂ ਜੀਵਨ ਬਸਰ ਕਰਦਿਆਂ ਸਾਹਿਤ ਤੇ ਸਮਾਜ ਦੀ ਸੇਵਾ ਵੀ ਕਰ ਰਿਹਾ ਹੈ।

ਅਵਤਾਰ ਸਿੰਘ ਗੋਇੰਦਵਾਲ਼ੀਆ ਪੰਜਾਬੀ ਸਾਹਿਤ ਦੀ ਹਰੇਕ ਵੰਨਗੀ ਅਰਥਾਤ ਗੀਤ, ਕਵਿਤਾ, ਕਹਾਣੀ, ਨਿਬੰਧ, ਜੀਵਨੀ, ਇਕਾਂਗੀ, ਅਲੋਚਨਾ ਅਤੇ ਗੁਰਬਾਣੀ ਵਿਆਖਿਆ ਆਦਿ ਵਿੱਚ ਹੱਥ ਅਜ਼ਮਾ ਰਿਹਾ ਹੈ। ਉਸ ਦੀਆਂ ਰਚਨਾਵਾਂ ਅਜੀਤ, ਅਕਾਲੀ ਪਤ੍ਰਕਾ, ਪੰਜਾਬੀ ਟ੍ਰਿਬਿਊਨ, ਜੱਗਬਾਣੀ ਵਰਗੀਆਂ ਪੰਜਾਬੀ ਅਖ਼ਬਾਰਾਂ ਅਤੇ ਪ੍ਰਾਇਮਰੀ ਸਿੱਖਿਆ, ਗੁਰਮਤਿ ਪ੍ਰਕਾਸ਼ ਤੇ ਰਾਹ ਦਸੇਰਾ ਵਰਗੇ ਪੰਜਾਬੀ ਮੈਗਜ਼ੀਨਾਂ ਵਿੱਚ

ਛਪਦੀਆਂ ਰਹਿੰਦੀਆਂ ਹਨ। ਇੱਕ 'ਕੋਟਲਾ ਛਪਾਕੀ' ਟਾਈਟਲ ਹੇਠ ਕਿਤਾਬ ਵੀ ਛਪ ਚੁੱਕੀ ਹੈ। ਉਹ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ (ਅੰਮ੍ਰਿਤਸਰ) ਨਾਲ਼ ਪੱਕੇ ਤੌਰ ਤੇ ਜੁੜਿਆ ਹੋਇਆ ਹੈ ਪਰ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਦੇ ਸਾਹਿਤਕ ਸਮਾਗਮਾਂ ਦੀ ਸ਼ਾਨ ਵਿੱਚ ਵੀ ਵਾਧਾ ਕਰਦਾ ਰਹਿੰਦਾ ਹੈ। ਇਸ ਵੇਲ਼ੇ ਉਹ ਆਪਣੀ ਧਰਮ ਪਤਨੀ ਸ੍ਰੀ ਮਤੀ ਜਸਬੀਰ ਕੌਰ ਅਤੇ ਅਮਰਪ੍ਰੀਤ ਸਿੰਘ ਤੇ ਪ੍ਰੀਤਪਾਲ ਸਿੰਘ ਦੋ ਪੁੱਤਰਾਂ ਸਮੇਤ ਦਸ਼ਮੇਸ਼ ਐਵੇਨਿਊ, ਗਲ਼ੀ ਨੰ 3, ਜੰਡਿਆਲਾ ਰੋਡ ਤਰਨ ਤਾਰਨ ਵਿਖੇ ਰਹਿੰਦਾ ਹੈ। ਦੋਵ੍ਹੇਂ ਪੁੱਤਰ ਸ਼ਾਦੀ-ਸ਼ੁਦਾ ਹਨ, ਇੱਕ ਪੀ ਐਸ ਪੀ ਸੀ ਐਲ ਵਿਭਾਗ ਵਿੱਚ ਜੇ.ਈ. ਅਤੇ ਦੂਸਰਾ ਨਵੋਦਿਆ ਵਿਦਿਆਲੇ ਵਿੱਚ ਕੰਟਰੈਕਟ ਬੇਸ ਤੇ ਜੌਬ ਕਰ ਰਿਹਾ ਹੈ।

**ਜ. ਸ. ਮਾਣੋਚਾਹਲ**

ਅਵਤਾਰ ਸ਼ਿੰਘ ਦੀ ਕਵਿਤਾ ਦੀਆਂ ਕੁਝ ਵੰਨਗੀਆਂ :-

## 1. ਕਾਲ ਬਜ਼ੁਰਗਾਂ ਦਾ (ਗੀਤ)

ਬਿਰਧ-ਘਰਾਂ ਵਿੱਚ ਰੁਲ਼ਦੇ ਫਿਰਦੇ,
ਕਈ ਤਾਂ ਭੁੱਖ ਨਾਲ਼ ਘੁਲ਼ਦੇ ਫਿਰਦੇ,
ਧੀਆਂ ਪੁੱਤਰ ਕਰਦੇ ਨੇ ਜੋ ਹਾਲ ਬਜ਼ੁਰਗਾਂ ਦਾ।
ਘਰਾਂ 'ਚ ਲੱਗਦਾ ਪੈ ਜਾਣਾ ਹੈ ਕਾਲ ਬਜ਼ੁਰਗਾਂ ਦਾ।

ਮਾਂ-ਪਿਓ ਨੂੰ 'ਕੱਲੇ ਛੱਡ ਤੁਰ ਜਾਣ ਵਿਦੇਸ਼ਾਂ ਨੂੰ,
ਬੁੱਢਾ-ਬੁੱਢੀ ਇਕੱਲੇ ਮਾਂਜਦੇ ਫਿਰਨ ਪਲੇਟਾਂ ਨੂੰ,
ਸਮਾਂ ਮਿਲਣ ਦਾ ਵੇਖੋ ਦੇਂਦੇ ਟਾਲ਼ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ..............................

'ਕੱਲੇ ਬੈਠੇ ਯਾਦਾਂ ਦੇ ਵਿੱਚ ਡੁੱਬ ਡੁੱਬ ਜਾਂਦੇ ਨੇ,
ਲੋਕੀਂ ਆਖਣ ਬੁੱਢਾ-ਬੁੱਢੀ ਪਏ ਮੌਜ ਉਡਾਂਦੇ ਨੇ,
ਪਤਾ ਨਹੀਂ ਕਦੋਂ ਲੱਥੂ ਇਹ ਜਾਲ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ..............................

ਨੂੰਹਾਂ ਜਦੋਂ ਸਹੁਰੇ ਘਰ ਵਿੱਚ ਆਉਂਦੀਆਂ ਨੇ,
ਸੱਸ-ਸਹੁਰੇ ਤੇ ਆਪਣਾ ਹੁਕਮ ਚਲਾਉਂਦੀਆਂ ਨੇ,
ਇਸੇ ਗੱਲੋਂ ਪੈ ਜਾਏ ਬਵਾਲ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ..............................

ਜਿਹੜੇ ਪਿਓ ਦੇ ਮੋਢਿਆਂ ਉੱਤੇ ਝੂਟੇ ਲੈਂਦੇ ਸੀ,
ਮੰਗਾਂ ਪੂਰੀਆਂ ਹੁੰਦੀਆਂ ਮੂੰਹੋਂ ਜੋ ਵੀ ਕਹਿੰਦੇ ਸੀ,
ਕਈ ਪੁੱਤਾਂ ਤੋਂ ਦੁਖੀ ਹੈ ਵਾਲ਼ ਵਾਲ਼ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ...............................

ਸੁਖ ਲਈ ਲਿਆਂਦੀਆਂ ਨੂੰਹਾਂ ਦੁੱਖੜੇ ਝੋਲ਼ੀ ਪਾ ਗਈਆਂ,
ਚੰਗੀ ਭਲ਼ੀ ਚੱਲਦੀ ਗੱਡੀ ਨੂੰ ਲੀਹੋਂ ਲਾਹ ਗਈਆਂ,
ਵਿੱਚ ਬੁਢੇਪੇ ਬਣਿਆ ਨਾ ਪੁੱਤ ਢਾਲ਼ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ...............................

ਜਿਹੜੇ ਪੁੱਤਰ ਮਾਂ ਪਿਓ ਦੀ ਸੇਵਾ ਕਮਾਉਂਦੇ ਨੇ,
ਦੁਨੀਆਂ ਵਿੱਚ ਉਹੋ ਪੁੱਤ ਸਰਵਣ ਅਖਵਾਉਂਦੇ ਨੇ,
ਸਾਊ ਨੂੰਹਾਂ ਹੋਣ ਤਾਂ ਚੰਗਾ ਹਾਲ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ...............................

ਬਿਨ ਮਾਪੇ ਨਾ ਘਰਾਂ ਵਿੱਚ ਦਿਸੇ ਬਹਾਰ ਬਈ,
ਬਿਰਧ ਘਰੀਂ ਨਾ ਭੇਜੋ ਆਖੇ ਅਵਤਾਰ ਬਈ,
ਸੁਖ ਪਾਉਂਦੇ ਨਾ ਲੁੱਟਦੇ ਜੋ ਮਾਲ ਬਜ਼ੁਰਗਾਂ ਦਾ,
ਘਰਾਂ 'ਚ ਲਗਦਾ ਪੈ ਜਾਣਾ ਹੈ ਕਾਲ ਬਜ਼ੁਰਗਾਂ ਦਾ।

## 2. ਮਾਪੇ ਮਜਬੂਰ ਹੋ ਗਏ (ਗੀਤ)

ਕਾਹਦਾ ਸਾਉਣ ਦਾ ਮਹੀਨਾ,
ਕਈਆਂ ਵੇਚੀਆਂ ਜ਼ਮੀਨਾਂ,
ਹੁੰਦੇ ਦੇਸ਼ ਵਿੱਚ ਕੰਮ ਨੇ ਘਿਨਾਉਣੇ,
ਮਾਪੇ ਮਜਬੂਰ ਹੋ ਗਏ,
ਬੱਚੇ ਪੈ ਗਏ ਵਿਦੇਸ਼ਾਂ ਨੂੰ ਘਲਾਉਣੇ, ਮਾਪੇ.......................

ਕੰਤ ਜਿਹਨਾਂ ਦੇ ਵਿਦੇਸ਼ੀਂ
ਉਹਨਾਂ ਲਈ ਹੈ ਕਾਹਦਾ ਸਾਉਣ,
ਕੰਤ ਜਿਹਨਾਂ ਦੇ ਨਸ਼ਈ
ਦੁੱਖ ਕੀਹਨੂੰ ਉਹ ਸੁਣਾਉਣ,

ਹੋ ਗਏ ਨਸ਼ਿਆਂ ਤੋਂ ਔਖੇ ਉਹ ਹਟਾਉਣੇ,
ਮਾਪੇ ਮਜਬੂਰ ਹੋ ਗਏ....................

ਕਿੱਥੇ ਗਈਆਂ ਰੌਣਕਾਂ ਉਹ,
ਤੀਆਂ ਲਾਉਣ ਵਾਲ਼ੀਆਂ,
ਰਸਮਾਂ ਸੰਧਾਰੇ ਜਿਹੀਆਂ
ਗਿੱਧਾ ਪਾਉਣ ਵਾਲ਼ੀਆਂ,
ਗਹਿਣੇ ਵੀਰਾਂ ਨੇ ਸੰਧਾਰੇ 'ਚ ਲੈ ਕੇ ਆਉਣੇ,
ਮਾਪੇ ਮਜਬੂਰ ਹੋ ਗਏ.....................

ਪਿੱਪਲਾਂ ਤੇ ਪੀਂਘਾਂ ਤੇ ਤ੍ਰਿੰਝਣ ਕਿੱਥੇ ਤੁਰ ਗਏ,
ਖਿਡਾਰੀ ਕਬੱਡੀਆਂ ਦੇ ਨਸ਼ਿਆਂ 'ਚ ਰੁੜ੍ਹ ਗਏ,
ਬਿਨਾਂ ਕਸੂਰੋਂ ਵੇਖ ਲਓ
ਪੁੱਤ ਪੈ ਗਏ 'ਕਲੌਤੇ ਮਰਵਾਉਣੇ,
ਮਾਪੇ ਮਜਬੂਰ ਹੋ ਗਏ........................

ਸਾਉਣ ਵਾਲ਼ਾ ਚਾਅ ਕਿਤੇ
ਟਾਵਾਂ ਟਾਵਾਂ ਰਹਿ ਗਿਆ,
ਅਵਿਤਾਰ ਗੋਇੰਦਵਾਲ਼ੀਆ ਵੀ,
ਸੱਚੀ ਗੱਲ ਯਾਰੋ ਕਹਿ ਗਿਆ,
ਇੱਕ ਮਿੱਕ ਹੋ ਕੇ ਸਾਰਿਆਂ
ਸਮੇਂ ਮੁੜ ਓਹੋ ਤੀਆਂ ਦੇ ਲਿਆਉਣੇ,
ਮਾਪੇ ਮਜਬੂਰ ਹੋ ਗਏ ਬੱਚੇ ਪੈ ਗਏ ਵਿਦੇਸ਼ਾਂ ਨੂੰ ਘਲਾਉਣੇ।

## 3. ਸਾਂਝਾਂ ਮੁੱਕੀਆਂ

ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ।
ਪਤਾ ਨਹੀਂ ਲਗਦਾ ਕਿੱਥੇ ਲੁਕੀਆਂ।

ਭਾਈ ਭਾਈ ਵਿੱਚ ਪਿਆਰ ਰਿਹਾ ਨਾ,
ਯਾਰਾਂ ਦਾ ਕੋਈ ਯਾਰ ਰਿਹਾ ਨਾ।

ਰਿਸ਼ਤੇਦਾਰੀ ਵਿੱਚ ਸੌਦੇਬਾਜ਼ੀ,
ਦਿਲ ਦਾ ਕੋਈ ਦਿਲਦਾਰ ਰਿਹਾ ਨਾ,
ਨੂੰਹਾਂ ਪੁੱਤ ਕੋਈ ਗੱਲ ਨਾ ਸੁਣਦੇ,
ਸੱਸਾਂ ਫ਼ਿਕਰਾਂ ਦੇ ਵਿੱਚ ਸੁੱਕੀਆਂ,
ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ।

ਵਰ ਮੰਗਦੀਆਂ ਮੂੰਹੋਂ ਧੀਆਂ,
ਤਾਂਹੀਂਓਂ ਉੱਡ ਪੁੱਡ ਗਈਆਂ ਤੀਆਂ,
ਮੌਸਮ ਵੀ ਅੱਜ ਰੁਖ਼ ਬਦਲ ਲਿਆ,
ਸਮਾਂ ਬਦਲਿਆ ਵੇਖੋ ਮੀਂਹਾਂ,
ਸਭ ਕੁਝ ਹੋਇਆ ਉਲਟਾ ਪੁਲਟਾ,
ਸਿਆਣਪਾਂ ਵੀ ਅੱਜ ਗਈਆਂ ਲੁੱਟੀਆਂ,
ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ।

ਧਰਮ ਦੇ ਨਾਂ ਤੇ ਪੈਂਦਾ ਰੌਲ਼ਾ,
ਧਰਮ ਦਾ ਕਿਤੇ ਨਾ ਪੈਂਦਾ ਝਾਉਲ਼ਾ,
ਭਰਮਾਰ ਝੂਠ ਦੀ ਚਾਰੇ ਪਾਸੇ,
ਕਿੱਥੇ ਸੱਚ ਹੈ ਜਾਣੇ ਮੌਲ਼ਾ,
ਹੈਵਾਨੀਅਤ ਨੇ ਜ਼ੋਰ ਹੈ ਫੜਿਆ,
ਇਨਸਾਨੀਅਤ ਦੀਆਂ ਹੋ ਗਈਆਂ ਛੁੱਟੀਆਂ,
ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ।

ਪੈਸਾ ਪੈਸਾ ਹਰ ਥਾਂ ਹੋਵੇ,
ਪੈਸੇ ਲਈ ਹਰ ਕੋਈ ਰੋਵੇ,
ਵੇਖੋ ਕੈਸਾ ਆਇਆ ਜ਼ਮਾਨਾ,
ਹੱਥਾਂ ਚੋਂ ਹਰ ਕੋਈ ਖੋਹਵੇ,
ਬਜ਼ੁਰਗਾਂ ਨੂੰ ਵੀ ਨਹੀਂ ਬਖ਼ਸ਼ਦੇ,
ਲੁਟੇਰਿਆਂ ਨੇ ਹਨ ਅੱਤਾਂ ਚੁੱਕੀਆਂ,
ਪਿਆਰ ਰਿਹਾ ਨਾ ਸਾਂਝਾਂ ਮੁਕੀਆਂ।

ਹਰ ਕੋਈ ਅੱਗੇ ਲੰਘਣਾ ਚਾਹਵੇ,
ਇੱਕ ਦੂਜੇ ਨੂੰ ਠਿੱਬੀ ਲਾਵੇ,
ਆਪਣੀ ਟੌਹਰ ਬਣਾਵਣ ਖ਼ਾਤਰ,
ਆਪਣਿਆਂ ਦੇ ਖ਼ੂਨ 'ਚ ਨਾਹਵੇ,
ਨੀਤੋਂ ਹੋਏ ਬੇ-ਨੀਤ ਨੇ ਫਿਰਦੇ,
ਤਾਂਹੀਉਂ ਇਹਨਾਂ ਦੀਆਂ ਨੀਤਾਂ ਫੁੱਟੀਆਂ,
ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ ।

'ਗੋਇੰਦਵਾਲ਼ੀਆ' ਅਰਜ਼ ਗੁਜ਼ਾਰੇ,
ਇੱਕ-ਮਿੱਕ ਹੋ ਜਾਓ ਰੱਬ ਦੇ ਪਿਆਰੇ,
ਮਾਨਸ ਦੀ ਹੈ ਜਾਤ ਅਸਾਡੀ,
ਫਿਰ ਕਿਉਂ ਫਿਰਦੇ ਮਾਰੇ ਮਾਰੇ,
'ਅਵਤਾਰ' ਪੁੱਛੇ ਕਰ ਕੇ ਅਰਜ਼ੋਈ,
ਕਿਉਂ ਸਾਡੇ ਤੋਂ ਖ਼ੁਸ਼ੀਆਂ ਰੁੱਸੀਆਂ,
ਪਿਆਰ ਰਿਹਾ ਨਾ ਸਾਂਝਾਂ ਮੁੱਕੀਆਂ ।

## 4. ਜੋ ਪੁੱਤ ਕਿਸੇ ਦਾ ਮਾਰੇ

ਜੋ ਪੁੱਤ ਕਿਸੇ ਦਾ ਮਾਰੇ ਉਹ ਇਨਸਾਨ ਨਹੀਂ ।
ਜਿੱਥੋਂ ਲਈਏ ਪੁੱਤ ਖ਼ਰੀਦ ਕੋਈ ਦੁਕਾਨ ਨਹੀਂ ।

ਦੁਨੀਆਂ ਕਦੇ ਨਾ ਜਰਦੀ ਹੁੰਦੀ ਵੇਖ ਤਰੱਕੀ,
ਇੱਜ਼ਤ ਹੁੰਦੀ ਵੇਖ ਕਿਸੇ ਦੀ ਹੋ ਜਾਏ ਹੱਕੀ ਬੱਕੀ,
ਜ਼ੋਰਾ-ਜਬਰੀ ਜੋ ਕਰਦਾ ਉਹ ਬਲਵਾਨ ਨਹੀਂ,
ਕਿੱਥੋਂ ਲਈਏ ਪੁੱਤ ਖ਼ਰੀਦ.........................
ਸਮਝ ਆ ਜਾਏ ਸਾਨੂੰ ਇਨਸਾਨ ਦੀ ਪਰਿਭਾਸ਼ਾ,
ਦਿਲ ਵਿੱਚ ਨਹੀਂਓਂ ਰਹਿਣੀ ਕੋਈ ਅਭਿਲਾਸ਼ਾ,
ਵਿੱਚ ਪੰਜਾਬ ਦੇ ਆਉਣਾ ਫਿਰ ਤੂਫ਼ਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਇੱਕੋ ਦੇ ਹਾਂ ਪੁੱਤਰ ਸਾਰੇ ਇਹ ਗੱਲ ਪਹਿਚਾਣੋ,
ਏਕੇ ਵਿੱਚ ਹੈ ਬਰਕਤ ਹੁੰਦੀ ਸੱਚੀਂ-ਮੁੱਚੀਂ ਜਾਣੋ,

ਵੱਖਰੇ ਗੀਤਾ, ਬਾਈਬਲ ਗ੍ਰੰਥ ਕੁਰਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਇੱਕੋ ਹੋ ਕੇ ਦੇਸ਼ ਨੂੰ ਸੋਨੇ ਦੀ ਚਿੜੀ ਬਣਾਈਏ,
ਗੁਰੂਆਂ ਜੋ ਫ਼ੁਰਮਾਇਆ ਕਦੇ ਨਾ ਭੁਲਾਈਏ,
ਇਮਾਨਦਾਰੀ ਅੱਗੇ ਟਿਕਣਾ ਬੇਈਮਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਮੰਗੀਏ ਸੁੱਖ ਪੰਜਾਬ ਅਤੇ ਪੰਜਾਬੀਆਂ ਦੀ,
ਕਰੀਏ ਸੋਧ ਭਰਾਵੋ ਹੋਈਆਂ ਖ਼ਰਾਬੀਆਂ ਦੀ,
ਵੇਖਿਓ ਫਿਰ ਕਿਸੇ ਨੇ ਹੋਣਾ ਪਰੇਸ਼ਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਦੁਨੀਆਂ ਦੇ ਸਾਰੇ ਪੁੱਤਰਾਂ ਲਈ ਕਰੋ ਦੁਆਵਾਂ,
ਜੁਗ ਜੁਗ ਜੀਣ ਕਦੇ ਨਾ ਲੱਗਣ ਤੱਤੀਆਂ ਵਾਵਾਂ,
ਪੁੱਤਰ ਪਿੱਛੇ ਕਦੇ ਪਿਓ ਜਾਵੇ ਸ਼ਮਸ਼ਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਜੋ ਸਾਡੇ ’ਚ ਪਾਉਂਦਾ ਪਾੜੇ ਆਓ ਲੱਭ ਲਈਏ,
ਕਹਿਣ ਸਿਆਣੇ ਸਿਰੀ ਸੱਪ ਦੀ ਦੱਬ ਲਈਏ,
ਉਸ ਦੇ ਨੇੜੇ ਨਾ ਜਾਓ ਜਿਸ ਕੋਲ਼ ਈਮਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

ਗੋਇੰਦਵਾਲ਼ ਗੁਰੂਆਂ ਨੇ ਸੇਵਾ ਰੀਤ ਚਲਾਈ,
ਅੱਜ ਵੀ ਸਿਜਦੇ ਕਰਦੀ ਵੇਖੋ ਕੁੱਲ ਲੋਕਾਈ,
ਅਵਤਾਰ ਸਿੰਘਾ ਬਿਨ ਸੇਵਾ ਬਣੇ ਮਹਾਨ ਨਹੀਂ ।
ਕਿੱਥੋਂ ਲਈਏ ਪੁੱਤ ਖ਼ਰੀਦ.........................

# ਬਹੁ-ਵਿਧਾਈ ਤੇ ਹਰਫ਼ਨਮੌਲਾ ਲੇਖਕ ਸ੍ਰ. ਬਲਬੀਰ ਸਿੰਘ ਬੇਲੀ

**#6284122703**



ਸਮਾਜਕ ਕਦਰਾਂ-ਕੀਮਤਾਂ ਨਾਲ਼ ਸਬੰਧਤ ਹਰ ਵਿਸ਼ੇ ਤੇ ਕਲਮ ਅਜ਼ਮਾਈ ਕਰਨ ਵਾਲ਼ੇ ਸ੍ਰ. ਬਲਬੀਰ ਸਿੰਘ ਬੇਲੀ ਨੂੰ ਮਿਲੋਗੇ ਤਾਂ ਰੂਹ ਖ਼ੁਸ਼ ਹੋ ਜਾਵੇਗੀ। ਉਹ ਗੁਰਬਾਣੀ ਦਾ ਗਿਆਤਾ, ਗੁਰੂ ਘਰ ਦਾ ਵਜ਼ੀਰ ਤੇ ਸਿੱਖ ਧਰਮ ਦਾ ਮਿਸ਼ਨਰੀ ਪ੍ਰਚਾਰਕ ਹੈ। ਕਈਆਂ ਸਾਲਾਂ ਤੋਂ ਉਹ ਸਿੱਖ ਧਰਮ ਦੇ ਮੁਢਲੇ ਅਸੂਲਾਂ ਤੇ ਪਹਿਰਾ ਦੇਂਦੇ ਹੋਏ ਵਹਿਮਾਂ, ਭਰਮਾਂ, ਪਖੰਡਾਂ, ਜਾਤ-ਪਾਤ ਦੇ ਵਿਤਕਰੇ ਤੇ ਗੁਰਬਾਣੀ ਦਾ ਰਟਨ-ਮੰਤਰ ਕਰਨ ਦੀ ਥਾਂ ਵਿਚਾਰ ਕੇ ਅਮਲ 'ਚ ਲਾਗੂ ਨਾ ਕਰਨ ਵਿਰੁੱਧ ਪ੍ਰਚਾਰ ਰਾਹੀਂ ਆਪਣੀ ਡਿਊਟੀ ਨਿਭਾ ਰਿਹਾ ਹੈ। ਸਰਸਵਤੀ ਦੀ ਕਿਰਪਾ ਹੋਣ ਕਰਕੇ ਉਹਦੇ ਕੋਲ਼ ਕਵਿਤਾ ਦਾ ਖ਼ਜ਼ਾਨਾ ਹੈ। ਉਹ ਛੰਦ-ਬਧ ਕਵਿਤਾ ਲਿਖਦਾ ਹੈ, ਤੋਲ-ਤੁਕਾਂਤ ਤੇ ਕਾਫ਼ੀਆ ਰਦੀਫ਼ ਦਾ ਪੂਰਾ ਖਿਆਲ ਰੱਖਦਾ ਹੈ। ਉਹਦੀ ਬਹੁਤੀ ਕਵਿਤਾ ਕਵੀਸ਼ਰੀ ਛੰਦ ਹਨ ਜੋ ਸਿੱਖ ਇਤਿਹਾਸ ਬਾਰੇ ਜਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤਾਂ ਬਾਰੇ ਹਨ ਪਰ ਹੋਰ ਸਮਾਜਕ ਵਿਸ਼ਿਆਂ ਨੂੰ ਵੀ ਕਵਿਤਾ ਰਾਹੀਂ ਪੇਸ਼ ਕਰਦਾ ਹੈ ਜਿਵੇਂ ਸਮਾਜ ਵਿੱਚ ਵਧ ਰਹੇ ਨਸ਼ਿਆ, ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਲਲਕ ਬਾਰੇ, ਘਰਾਂ ਦੀਆਂ ਤੰਗੀ-ਤੁਰਸ਼ੀਆਂ ਤੇ ਗਰੀਬੀ ਤੇ ਹੋਰ ਸਮਾਜਕ ਬੁਰਾਈਆਂ ਆਦਿ। ਉਹਨੇ ਨਾ ਕੇਵਲ ਕਵਿਤਾ, ਗੀਤ ਜਾਂ ਕਵੀਸ਼ਰੀ ਹੀ ਲਿਖੀ ਸਗੋਂ ਕਹਾਣੀਆਂ ਤੇ ਇਕਾਂਗੀ ਵੀ ਲਿਖੇ ਤੇ ਬਹੁ-ਪੱਖੀ ਸਖ਼ਸ਼ੀਅਤ ਹੋਣ ਦਾ ਸਬੂਤ ਪੇਸ਼ ਕੀਤਾ।

ਬੇਲੀ ਸਾਹਿਬ ਦਾ ਜਨਮ ਪਿਤਾ ਸ੍ਰ. ਅਵਤਾਰ ਸਿੰਘ ਤੇ ਮਾਤਾ ਸਰਦਾਰਨੀ ਹਰਬੰਸ ਕੌਰ ਦੇ ਘਰ ਗੁਰੂ ਨਗਰੀ ਤਰਨ-ਤਾਰਨ ਵਿਖੇ 19.07.1959 ਨੂੰ ਹੋਇਆ। ਉਹਨੇ ਮੁਢਲੀ ਸਿੱਖਿਆ ਆਰੀਆ ਗਰਲਜ਼ ਸਕੂਲ ਤੇ ਐਸ. ਡੀ. ਹਾਈ ਸਕੂਲ ਤੋਂ ਪ੍ਰਾਪਤ ਕੀਤੀ।

ਸਰਕਾਰੀ ਹਾਇਰ ਸੈਕੰਡਰੀ ਸਕੂਲ ਤਰਨਤਾਰਨ ਤੋਂ ਬਾਰ੍ਹਵੀਂ ਪਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ ਤਰਨ-ਤਾਰਨ ਤੋਂ ਬੀ.ਏ. ਭਾਗ ਪਹਿਲਾ ਪਾਸ ਕੀਤਾ ਪਰ ਕਿਸੇ ਕਾਰਨ ਅੱਗੋਂ ਪੜ੍ਹਾਈ ਜਾਰੀ ਨਾ ਰੱਖ ਸਕਿਆ। ਮਿਸ਼ਨਰੀ ਕਾਲਜ ਤੋਂ ਗੁਰਬਾਣੀ ਦਾ ਗਿਆਨ ਹਾਸਲ ਕੀਤਾ ਤੇ ਗ੍ਰੰਥੀ ਸਿੰਘ ਦੀ ਡਿਊਟੀ ਸੰਭਾਲ਼ ਲਈ। ਇਸ ਦੇ ਨਾਲ਼ ਨਾਲ਼ ਸਿੱਖ ਧਰਮ ਬਾਰੇ ਇਤਿਹਾਸ ਦੀ ਡੂੰਘੀ ਛਾਣ-ਬੀਣ ਅਤੇ ਪੜ੍ਹਾਈ ਕੀਤੀ। ਸਿੱਖ ਵਿਦਵਾਨਾਂ ਦੇ ਪੁਰਾਤਨ ਗ੍ਰੰਥ ਤੇ ਸਾਹਿਤ ਪੜ੍ਹ ਕੇ ਗਿਆਨ ਦੇ ਮੋਤੀ ਹਾਸਲ ਕੀਤੇ ਤਾਂ ਜੋ ਲੋਕਾਂ ਨੂੰ ਅਸਲ ਗੁਰਸਿੱਖੀ ਨਾਲ਼ ਜੋੜਿਆ ਜਾ ਸਕੇ। ਏਨੇ ਰੁਝੇਵਿਆਂ ਚੋਂ ਸਮਾਂ ਕੱਢ ਕੇ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਹੋਏ ਪੰਜਾਬੀ ਮਾਂ-ਬੋਲੀ ਨੂੰ ਭੇਟ ਕੀਤੀਆਂ ਉਹਦੀਆਂ ਪੁਸਤਕਾਂ ਹੇਠ ਲਿਖੀਆਂ ਹਨ:-

(1) ਜਾਗੋ ਜਾਗੋ ਬਈ ਸਿੰਘੋ (ਕਵਿਤਾ) (2) ਸਾਕਾ ਗੁਰੂ ਕਾ ਬਾਗ ਅਤੇ ਸਾਕਾ ਪੰਜਾ ਸਾਹਿਬ (ਕਵੀਸ਼ਰੀ ਛੰਦ) (3) ਪੱਤ ਆਬਰੂ ਦੇ ਰਾਖੇ (ਕਹਾਣੀ ਸੰਗ੍ਰਹਿ)

ਬੇਲੀ ਸਾਹਿਬ ਦੀਆਂ ਰਚਨਾਵਾਂ ਅਕਸਰ ਗੁਰਮਤਿ ਪ੍ਰਕਾਸ਼, ਸਿੱਖ ਫੁਲਵਾੜੀ, ਜਨ ਸਾਹਿਤ, ਸ਼ਬਦ-ਬੂੰਦ, ਗੁਸੱਈਆ ਤੇ ਭਾਈ ਦਿੱਤ ਸਿੰਘ ਪਤ੍ਰਿਕਾ ਆਦਿ ਪੰਜਾਬੀ ਮੈਗਜ਼ੀਨਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਉਹ ਪੰਜਾਬੀ ਸਾਹਿਤ ਸਭਾ ਤੇ ਸਭਿਆਚਾਰਕ ਕੇਂਦਰ ਤਰਨ-ਤਾਰਨ ਦਾ ਸੀਨੀਅਰ ਮੀਤ ਪ੍ਰਧਾਨ ਹੈ ਅਤੇ ਕੇਂਦਰ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ।

ਸਰਦਾਰਨੀ ਗੁਰਮੀਤ ਕੌਰ ਉਸ ਦੀ ਪਤਨੀ ਹੈ ਅਤੇ ਪੁੱਤ-ਪੋਤਰੀਆਂ ਵਾਲ਼ਾ ਹੱਸਦਾ-ਵੱਸਦਾ ਪਰਿਵਾਰ ਹੈ। ਦੋ ਬੱਚੇ ਹਨ - ਸੁਰਿੰਦਰ ਸਿੰਘ (ਪੁੱਤਰ), ਬਲਜੀਤ ਕੌਰ ਤੇ ਦਲਜੀਤ ਕੌਰ (ਪੁਤਰੀਆਂ)। ਸੁਰਿੰਦਰ ਸਿੰਘ ਸ਼ਾਦੀ-ਸੁਦਾ ਤੇ ਸਵੈ-ਨਿਰਭਰ ਹੈ। ਉਹ ਲੈਬੋਰਟਰੀ ਟੈਕਨੀਸ਼ੀਅਨ ਹੈ। ਉਸ ਦੀ ਪਤਨੀ (ਬੇਲੀ ਸਾਹਿਬ ਦੀ ਨੂੰਹ) ਦਾ ਨਾਂ ਹਰਜਿੰਦਰ ਕੌਰ ਹੈ। ਸਾਰਾ ਪਰਿਵਾਰ ਦਸਮੇਸ਼ ਨਗਰ, ਬਾਠ ਰੋਡ, ਤਰਨ ਤਾਰਨ ਵਿਖੇ ਬਣਾਏ ਮਕਾਨ ਵਿਚ ਰਹਿੰਦਾ ਹੈ। ਇਸ ਸਮੇਂ ਬੇਲੀ ਸਾਹਿਬ ਗੁਰਦੁਆਰਾ ਭਗਤ ਨਾਮਦੇਵ ਜੀ ਮੁਹੱਲਾ ਟਾਂਕ ਛੱਤਰੀ, ਤਰਨ-ਤਾਰਨ ਦੇ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ।

**ਜ. ਸ. ਮਾਣੋਚਾਹਲ**

ਬੇਲੀ ਸਾਹਿਬ ਦੀਆਂ ਕੁਝ ਰਚਨਾਵਾਂ ਪੇਸ਼ ਹਨ :-

## 1. ਗੀਤ - ਪੁੱਤਾ ਮੈਨੂੰ ਲੋਕ ਆਖਦੇ

ਝੁਕ ਜਾਂਦਾ ਸਿਰ ਹੈ ਸ਼ਰਮ ਨਾਲ ਮੇਰਾ,
ਮੈਨੂੰ ਲੱਭਦੀ ਨਾ ਮਰਨੇ ਨੂੰ ਥਾਂ।

ਪੁੱਤਾ ਮੈਨੂੰ ਲੋਕ ਆਖਦੇ,
ਔਹ ਜਾਂਦੀ ਏ ਸਮੈਕੀਏ ਦੀ ਮਾਂ, ਪੁੱਤਾ ਮੈਨੂੰ ਲੋਕ ਆਖਦੇ.............

ਦੁੱਧ ਮੱਖਣਾਂ ਦੇ ਨਾਲ਼ ਤੈਨੂੰ ਪਾਲ਼ਿਆ,
ਸੋਨੇ ਵਰਗਾ ਸਰੀਰ ਤੂੰ ਤਾਂ ਗਾਲ਼ਿਆ।
ਸਾਂਭ ਕੇ ਜੇ ਰੱਖਦਾ ਜਵਾਨੀ ਆਪਣੀ,
ਸਹਿਣੀ ਪੈਂਦੀ ਨਮੋਸ਼ੀ ਮੈਨੂੰ ਨਾ, ਪੁੱਤਾ ਮੈਨੂੰ ਲੋਕ.............

ਰੂੜੀਆਂ ਤੇ ਡਿੱਗਾ ਵੇਖ ਲੋਕੀਂ ਹੱਸਦੇ,
ਖ਼ੁਸ਼ ਨੇ ਸ਼ਰੀਕ ਬੜੇ ਤਾਹਨੇ ਕੱਸਦੇ।
ਪੈਂਦੇ ਨੇ ਬਥੇਰੇ ਡੋਬ ਦਿਲ ਮੇਰੇ ਨੂੰ,
ਤੇਰਾ ਸੁਣੀਂਦਾ ਨਸ਼ੇੜੀ ਪਿਆ ਨਾਂ, ਪੁੱਤਾ ਮੈਨੂੰ................

ਤਨ, ਧਨ. ਪੱਤ ਦੀ ਨਾ ਕੀਤੀ ਪ੍ਰਵਾਹ,
ਵਿੰਨ੍ਹਿਆ ਸਰੀਰ ਵੇ ਤੂੰ ਟੀਕੇ ਲਾ ਲਾ।
ਗਲ਼ੀਆਂ 'ਚ ਫਿਰਦੈਂ ਨਸ਼ੇ ਨਾਲ਼ ਟੁੰਨ ਹੋਇਆ,
ਜਿਵੇਂ ਫਿਰਦੀ ਅਵਾਰਾ ਕੋਈ ਗਾਂ, ਪੁੱਤਾ ਮੈਨੂੰ............................

ਤੇਰੇ ਮੋਢੇ ਉੱਤੇ ਫੁੱਲ ਕਿਤੇ ਸੱਜਦੇ,
ਮੈਂ ਤਾਂ ਚਾਹੁੰਦੀ ਸੀ ਸਲੂਟ ਤੈਨੂੰ ਵੱਜਦੇ।
ਬੇਲੀ ਤਰਨਤਾਰਨੀ ਦੇ ਵਾਂਗ ਪੜ੍ਹ ਕੇ,
ਤੂੰ ਵੀ ਅਫ਼ਸਰ ਬਣਦਾ ਤਾਂ, ਪੁੱਤਾ ਮੈਨੂੰ ਲੋਕ ਆਖਦੇ,
ਔਹ ਜਾਂਦੀ ਏ ਸਮੈਕੀਏ ਦੀ ਮਾਂ, ਪੁੱਤਾ ਮੈਨੂੰ ਲੋਕ ਆਖਦੇ.............

## 2. ਗੀਤ - ਜੁਗਨੀ

ਜੁਗਨੀ ਖਾਂਦੀ ਫਿਰਦੀ ਧੱਕੇ,
ਰੋਟੀ ਮੁਸ਼ਕਲ ਦੇ ਨਾਲ ਪੱਕੇ,
ਕਿਦਾਂ ਘਰੋਂ ਗਰੀਬੀ ਚੱਕੇ,
ਜੁਗਨੀ ਬੇਰੁਜ਼ਗਾਰ ਤੇ ਵਿਹਲੀ ਹੈ,
ਪਿਆ ਮੁੱਲ ਨਾ ਪੜ੍ਹ ਕੇ ਧੇਲੀ ਹੈ।

ਜੁਗਨੀ ਲਾਉਂਦੀ ਧਰਨੇ ਰਹਿੰਦੀ,
ਚੜ੍ਹ ਚੜ੍ਹ ਟੈਂਕੀਆਂ ਉੱਤੇ ਬਹਿੰਦੀ,
ਡੰਡੇ ਨਿੱਤ ਪੁਲਸ ਦੇ ਸਹਿੰਦੀ,
ਹਾਲ ਮਾੜਾ ਉਹਦੇ ਦਿਲ ਦਾ ਹੈ,
ਹੱਕ ਮੰਗਿਆਂ ਵੀ ਨਾ ਮਿਲਦਾ ਹੈ।

ਜੁਗਨੀ ਆਈਲੈਟਸ ਹੈ ਪੜ੍ਹ ਗਈ,
ਕਰਕੇ ਯਤਨ ਜਹਾਜ਼ੇ ਚੜ੍ਹ ਗਈ,
ਜਾ ਕੇ ਵਿੱਚ ਵਿਦੇਸ਼ਾਂ ਵੜ ਗਈ,
ਇੱਥੇ ਕੰਮ ਨਹੀਂ ਜੁਗਨੀ ਕਹਿੰਦੀ ਹੈ,
ਨਹੀਂ ਦੇਸ਼ ਆਪਣੇ ਰਹਿੰਦੀ ਹੈ।

ਜੁਗਨੀ ਲਾਉਂਦੀ ਫਿਰਦੀ ਟੀਕੇ,
ਰਹਿੰਦੀ ਟੁੰਨ ਸਮੈਕਾਂ ਪੀ ਕੇ,
ਦੁਖੀ ਮਾਂ ਪਿਉ ਪਿਆ ਚੀਕੇ,
ਨੰਗ ਹੋ ਕੇ ਜੁਗਨੀ ਬਹਿ ਗਈ ਹੈ,
ਉਹ ਰਾਹ ਸਿਵਿਆਂ ਦੇ ਪੈ ਗਈ ਹੈ।

ਜੁਗਨੀ ਕਰਦੀ ਜੂਨ ਗੁਜ਼ਾਰਾ,
ਦਿਲ ਤੇ ਰੱਖ ਕੇ ਪੱਥਰ ਭਾਰਾ,
ਕਿਦਾਂ ਗੁਜ਼ਰੂ ਜੀਵਨ ਸਾਰਾ,
ਬੇਲੀ ਸੋਚਾਂ ਵਿੱਚ ਪਈ ਰਹਿੰਦੀ ਹੈ,
ਵੇਤਨ ਪੰਜ ਹਜ਼ਾਰ ਹੀ ਲੈਂਦੀ ਹੈ।

## 3. ਡਿਓਢ ਕੋਰੜਾ ਛੰਦ

ਮਾਪਿਆਂ ਦੇ ਕੋਲੋਂ, ਪੁੱਛੋ ਹਾਲ ਚਾਲ ਹੈ,
ਨਿੱਤ ਦਿਨ ਰਾਤ ਜੀ।
ਕੱਢ ਕੇ ਵਕਤ, ਬੈਠੋ ਉਹਨਾਂ ਨਾਲ਼ ਜੀ,
ਕਰੋ ਗੱਲ-ਬਾਤ ਜੀ।
ਪੈਰੀਂ ਹੱਥ ਲਾ ਕੇ, ਵੇਖੋ ਇੱਕ ਵਾਰ ਜੀ,
ਮਿਲੇਗਾ ਪਿਆਰ ਜੀ।

ਜੀਂਦੇ ਮਾਪਿਆਂ ਦਾ, ਕਰੋ ਸਤਿਕਾਰ ਹੈ,
ਉੱਤਮ ਵਿਚਾਰ ਹੈ।

ਗੁਰੂ-ਘਰ ਕਰੋ, ਸੇਵਾ ਚੰਗੀ ਗੱਲ ਹੈ,
ਸੇਵਾ ਹੈ ਮਹਾਨ ਜੀ,
ਮਾਪਿਆਂ ਦੀ ਸੇਵਾ, ਤੀਰਥਾਂ ਦਾ ਫ਼ਲ਼ ਹੈ,
ਲਵੋ ਤੁਸੀਂ ਜਾਣ ਜੀ।
ਰੱਬ-ਰੂਪ ਮਾਪੇ, ਤਾਂ ਪੂਜਣਹਾਰ ਹੈ,
ਦਿਉ ਨਾ ਵਿਸਾਰ ਜੀ।
ਜੀਂਦੇ ਮਾਪਿਆਂ ਦਾ.............................

ਅੰਨ-ਜਲ਼ ਦੇਵੋ, ਦੇਰ ਲਾਵੋ ਪਲ ਨਾ,
ਹੋਣ ਨਾ ਮੁਥਾਜ ਜੀ।
ਹੋਣ ਜੇ ਬਿਮਾਰ, ਕਰੋ ਅੱਜ-ਕੱਲ੍ਹ ਨਾ,
ਕਰਾਇਓ ਇਲਾਜ ਜੀ।
ਗੋਦ ਮਾਪਿਆਂ ਦੀ, ਸੁਰਗ-ਬਹਾਰ ਹੈ,
ਲਵੋ ਮਨ ਧਾਰ ਜੀ।
ਜੀਂਦੇ ਮਾਪਿਆਂ ਦਾ.......................

ਸੇਵਾ ਹੁਣ ਕੀਤੀ, ਨਾ ਜੇ ਲੱਤਾਂ ਘੁੱਟ ਕੇ,
ਫਿਰ ਰੱਖੋ ਯਾਦ ਜੀ।
ਰੋਇਓ ਨਾ ਅੱਖਾਂ, ਵਿੱਚੋਂ ਨੀਰ ਸੁੱਟ ਕੇ।
ਮਰਿਆਂ ਦੇ ਬਾਅਦ ਜੀ।
ਟੰਗਣੀ ਨਾ ਫੋਟੋ, ਫਿਰ ਪਾ ਕੇ ਹਾਰ ਹੈ,
ਉੱਤੇ ਹੈ ਦੀਵਾਰ ਜੀ।
ਜੀਂਦੇ ਮਾਪਿਆਂ ਦਾ..........................

ਕਰਨੇ ਸ਼ਰਾਧ, ਮਰੇ ਮਾਈ-ਬਾਪ ਦੇ,
ਲੋਕ ਦੇਣ ਭੰਡ ਜੀ।
ਸਿਰ ਜੋੜ 'ਬੇਲੀ', ਹੋਰੀਂ ਫਿਰ ਆਖਦੇ,
ਕਰਦੇ ਪਖੰਡ ਜੀ।
ਜੀਂਦੀ ਜਾਨ ਬਣੇ, ਨਹੀਂ ਸੇਵਾਦਾਰ ਹੈ,
ਪੈਂਦੀ ਫਿਟਕਾਰ ਹੈ।

ਜੀਂਦੇ ਮਾਪਿਆਂ ਦਾ, ਕਰੋ ਸਤਿਕਾਰ ਜੀ,
ਉੱਤਮ ਵਿਚਾਰ ਹੈ।
-----0-----

## 4. ਵੇਖ ਕੰਧ ਉੱਤੇ ਤਸਵੀਰ

ਵੇਖ ਕੰਧ ਉੱਤੇ, ਤਸਵੀਰ ਨੀ ਮਾਏਂ।
ਵਗ ਪੈਂਦਾ ਅੱਖਾਂ ਚੋਂ, ਨੀਰ ਨੀ ਮਾਏਂ।

ਤਿੰਨ ਚਾਰ ਦਿਨ ਬੱਸ, ਢਿੱਲੀ ਜਿਹੀ ਰਹਿ ਕੇ।
ਤੁਰ ਗਈ ਆਖ਼ਰੀ, ਸਵਾਸ ਤੂੰ ਲੈ ਕੇ।
ਉੱਡਾ ਭੌਰ ਛੱਡ ਗਈ, ਸਰੀਰ ਨੀ ਮਾਏਂ।
ਵੇਖ ਕੰਧ ਉੱਤੇ..............................

ਘਰ ਜਾ ਕੇ ਜਦੋਂ ਤੇਰੇ, ਕਮਰੇ ਵਿੱਚ ਜਾਂਦਾ।
ਖਾਲੀ ਮੰਜਾ ਦੇਖ ਦਿਲ, ਡੱਕੋ-ਡੋਲ਼ੇ ਖਾਂਦਾ।
ਲ਼ੱਗੇ ਜਿਵੇਂ ਰਿਹਾ ਕੋਈ, ਚੀਰ ਨੀ ਮਾਏ।
ਵੇਖ ਕੰਧ ਉੱਤੇ.....................

ਆਖ ਬਲਬੀਰ ਮੈਨੂੰ, ਕੋਈ ਨਾ ਬੁਲਾਵੇ।
ਸੁੰਨਾ ਵੇਖ ਕਮਰਾ ਹੈ, ਦਿਲ ਕੁਰਲਾਵੇ।
ਵੱਜ ਗਏ ਵਿਛੋੜੇ ਵਾਲ਼ੇ, ਤੀਰ ਨੀ ਮਾਏਂ।
ਵੇਖ ਕੰਧ ਉੱਤੇ.........................

ਪਤਾ ਮੈਨੂੰ ਜੱਗ ਵਿੱਚ, ਕਿਸੇ ਨਾ ਹੈ ਰਹਿਣਾ।
ਆ ਗਿਆ ਹੁਕਮ ਜਦੋਂ, ਜਾਣਾ ਇੱਥੋਂ ਪੈਣਾ।
ਦਿਲ ਫਿਰ ਵੀ ਨਾ ਬੰਨ੍ਹੇ, ਧੀਰ ਨੀ ਮਾਏਂ।
ਵੇਖ ਕੰਧ ਉੱਤੇ......................

ਬਾਰ ਬਾਰ ਹੌਂਸਲਾ ਮੈਂ, ਖ਼ੁਦ ਨੂੰ ਹਾਂ ਦੇਂਦਾ।
ਜੱਗ ਵਿੱਚ ਰਿਸ਼ੀ, ਮੁਨੀ, ਕੋਈ ਵੀ ਨਾ ਰਹਿੰਦਾ।
ਆਖੇ 'ਬੇਲੀ' ਗਏ ਇੱਥੋਂ, ਪੀਰ ਨੀ ਮਾਏਂ।
ਵੇਖ ਕੰਧ ਉੱਤੇ.........................

## 5. ਗੀਤ - ਭਲੇ ਦਾ ਜ਼ਮਾਨਾ ਨਾ

ਕੀਤੀ ਜਿਸ ਨੇ ਭਲਾਈ, ਉਹਨੇ ਕਦਰ ਗਵਾਈ
ਉਹਨੂੰ ਆਖਦੇ ਮੂਰਖ, ਉਹਨੂੰ ਆਖਦੇ ਸ਼ੁਦਾਈ।
ਕੋਈ ਆਖੇ ਦਾਨਾ ਨਾ, ਸੱਚ ਆਖਦੇ ਸਿਆਣੇ,
ਭਲੇ ਦਾ ਜ਼ਮਾਨਾ ਨਾ।

ਆਏ ਜੇ ਨਜ਼ਰ ਕੋਈ, ਹੰਝੂ ਰਿਹਾ ਰੋੜ੍ਹ ਹੈ।
ਨੇਕ ਦਿਲ ਬੰਦਾ ਕਰੇ, ਪੂਰੀ ਓਹਦੀ ਲੋੜ ਹੈ।
ਪਰ ਕੀਤੀ ਨੂੰ ਭੁਲਾ ਕੇ, ਲੰਘੇ ਕੋਲ਼ੋਂ ਨਾ ਬੁਲਾ ਕੇ।
ਲਾਗੋਂ ਵੱਟ ਜਾਵੇ ਪਾਸਾ, ਉਹ ਤਾਂ ਨਜ਼ਰਾਂ ਚੁਰਾ ਕੇ,
ਕਰੇ ਸ਼ੁਕਰਾਨਾ ਨਾ।
ਸੱਚ ਆਖਦੇ ਸਿਆਣੇ..................................

ਗੱਲਾਂ ਮਾਰ ਮਿੱਠੀਆਂ ਤੇ, ਕੰਮ ਲੈਂਦੇ ਸਾਰ ਨੇ।
ਲੋੜ ਪੂਰੀ ਕਰਕੇ, ਨਾ ਦੇਂਦੇ ਸਤਿਕਾਰ ਨੇ।
ਮਤਲਬ ਕਰ ਪੂਰਾ, ਮਾਣ ਕਰ ਦੇਣ ਚੂਰਾ।
ਵੱਟ ਮੁੱਛਾਂ ਨੂੰ ਚੜ੍ਹਾਉਣ, ਵੇਖ ਮਾਰਦੇ ਘੰਘੂਰਾ,
ਮੱਤ ਵਾਲ਼ਾ ਖਾਨਾ ਨਾ।
ਸੱਚ ਆਖਦੇ ਸਿਆਣੇ............................

ਬੇਲੀ ਕਰ ਵੇਖਿਆ ਜੀ, ਭਰਾਵਾਂ ਦਾ ਭਲਾ ਹੈ।
ਰੱਖਦੇ ਨੇ ਫਿਰ ਵੀ ਉਹ, ਖੜੀ ਕਰ ਕਲਾ ਹੈ।
ਬੁੱਧੀਵਾਨਾਂ ਦਾ ਖ਼ਿਆਲ, ਕਰ ਨੇਕੀ ਕੂਏ ਡਾਲ।
ਸਦਾ ਕਰਕੇ ਭਲਾਈ, ਵੱਸ ਖ਼ੁਸ਼ੀਆਂ ਦੇ ਨਾਲ਼,
ਤੂੰ ਚਾਹ ਇਵਜ਼ਾਨਾ ਨਾ।
ਸੱਚ ਆਖਦੇ ਸਿਆਣੇ, ਭਲੇ ਦਾ ਜ਼ਮਾਨਾ ਨਾ।

# ਸੇਵਾ-ਮੁਕਤੀ ਤੋਂ ਬਾਅਦ ਪੰਜਾਬੀ ਬੋਲੀ ਦਾ ਡਾਕਟਰ ਬਣਨ ਜਾ ਰਿਹਾ ਕਵੀ ਇੰਦਰਜੀਤ ਮਰਾਹਣਾ

# 9815657534



ਸਾਡੇ ਇਲਾਕੇ ਵਿਚ ਸਭ ਤੋਂ ਵੱਧ ਡਿਗਰੀਆਂ ਡਿਪਲੋਮੇ ਕਰਨ ਵਾਲ਼ੇ ਪੰਜਾਬੀ ਸ਼ਾਇਰ ਇੰਦਰਜੀਤ ਸਿੰਘ ਮਰਾਹਣਾ ਦਾ ਜਨਮ ਪਿਤਾ ਸ੍ਰ ਦਲੀਪ ਸਿੰਘ ਅਤੇ ਮਾਤਾ ਗੁਰਨਾਮ ਕੌਰ ਦੇ ਘਰ 1.04.1961 ਨੂੰ ਦੇਸ਼ਭਗਤ ਗਦਰੀ ਬਾਬੇ ਈਸ਼ਰ ਸਿੰਘ ਮਰਾਹਣਾ ਦੇ ਪਿੰਡ ਹੋਇਆ।ਇੰਦਰਜੀਤ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਕਰਕੇ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਫਾਰਮੇਸੀ ਦਾ ਡਿਪਲੋਮਾ ਕੀਤਾ।31.12.1979 ਨੂੰ ਬਤੌਰ ਫਾਰਮਾਸਿਸਟ ਸਰਕਾਰੀ ਨੌਂਕਰੀ ਜਾਇਨ ਕੀਤੀ ਅਤੇ 30.06.2020 ਨੂੰ ਬਤੌਰ ਜ਼ਿਲ੍ਹਾ ਫਾਰਮੇਸੀ ਅਫਸਰ ਸੇਵਾ-ਮੁਕਤ ਹੋ ਗਏ। ਇਸ ਦਰਮਿਆਨ ਉਹਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਗਿਆਨੀ ਅਤੇ ਐਮ. ਏ. ਪੰਜਾਬੀ ਤੇ ਧਰਮ-ਅਧਿਐਨ ਪਾਸ ਕੀਤੀ। ਨੌਂਕਰੀ ਕਰਦਿਆਂ ਵੀ ਉਹਨੇ ਵਿਦਿਆ ਵਾਲ਼ੀ ਗੱਡੀ ਤੇ ਨਿਰੰਤਰ ਸਫ਼ਰ ਕਰਦਿਆਂ ਦਿੱਲੀ ਤੋਂ ਹਿਊਮਨ ਰਾਈਟਸ ਦਾ ਡਿਪਲੋਮਾ, ਪਟਨਾ ਤੋਂ ਆਯੁਰਵੈਦਿਕ ਰਤਨ ਅਤੇ ਸ਼ਰੋਮਣੀ ਕਮੇਟੀ ਤੋਂ ਦੋ ਸਾਲ ਦਾ ਸਿੱਖਇਜ਼ਮ ਬਾਰੇ ਡਿਪਲੋਮਾ ਹਾਸਲ ਕੀਤਾ। ਅਚੰਭੇ ਦੀ ਗੱਲ ਇਹ ਹੈ ਕਿ ਉਹਨੇ ਰਿਟਾਇਰ ਹੋਣ ਤੋਂ ਬਾਅਦ ਵੀ ਪੜ੍ਹਾਈ ਦਾ ਖਹਿੜਾ ਨਹੀਂ ਛੱਡਿਆ ਤੇ ਇਸ ਸਮੇਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦਾ ਪੀ. ਐਚ. ਡੀ. ਦਾ ਰਿਸਰਚ ਸਕਾਲਰ ਹੈ।ਇਸ ਪੱਖ ਤੋਂ ਉਹ ਸਾਡੇ ਸਭਨਾਂ ਲਈ ਪ੍ਰੇਰਨਾ-ਸ੍ਰੋਤ ਹੈ।

ਉਸ ਦੀ ਪਤਨੀ ਸ੍ਰੀ ਮਤੀ ਰਾਣੀ ਵੀ ਸਿਹਤ ਵਿਭਾਗ ਚੋਂ ਬਤੌਰ ਹੈਲਥ ਸੁਪਰਵਾਈਜ਼ਰ ਰਿਟਾਇਰ ਹੋਈ ਹੈ। ਉਸ ਦੇ ਦੋ ਬੇਟੇ ਤੇਰਾ ਸਿੰਘ ਤੇ ਮੀਤ ਸਿੰਘ ਵੀ ਡਾਕਟਰ ਹਨ ਅਤੇ ਬੇਟੀ ਨਵਜੀਤ ਕੌਰ ਐਮ. ਐਸ. ਸੀ. ਨਰਸਿੰਗ ਕਰਕੇ ਰੋਜ਼ਗਾਰ-ਯਾਫ਼ਤਾ ਸ਼ਾਦੀ-ਸ਼ੁਦਾ ਖ਼ੁਸ਼ਹਾਲ ਜੀਵਨ ਬਿਤਾ ਰਹੀ ਹੈ।ਵੱਡਾ ਬੇਟਾ ਵੀ ਵਿਆਹਿਆ

ਹੋਇਆ ਹੈ।ਇਸ ਵੇਲ਼ੇ ਇੰਦਰਜੀਤ ਮਰਾਹਣਾ ਪਿੰਡ ਮਰਾਹਣਾ ਜ਼ਿਲ੍ਹਾ ਤਰਨ ਤਾਰਨ ਵਿਖੇ ਰਹਿ ਕੇ ਕਿਸਾਨ ਆਗੂ ਦੇ ਤੌਰ ਤੇ ਕਿਸਾਨਾਂ ਦੀ ਅਗਵਾਈ ਅਤੇ ਸੰਘਰਸ਼ ਨਾਲ਼ ਜੁੜਿਆ ਹੋਇਆ ਹੈ। ਉਹ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਦਾ ਸਰਗਰਮ ਮੈਂਬਰ ਹੈ। ਲੰਬੇ ਸਮੇਂ ਤੋਂ ਕਾਵਿ-ਸਿਰਜਨਾ ਰਾਹੀਂ ਪੰਜਾਬੀ ਬੋਲੀ ਦੀ ਸੇਵਾ ਕਰ ਰਿਹਾ ਹੈ। ਉਹਨੇ ਸੈਂਕੜੇ ਕਵਿਤਾਵਾਂ ਲਿਖੀਆਂ ਹਨ ਜੋ ਅਕਸਰ ਫ਼ੇਸ-ਬੁੱਕ ਤੇ ਪੜ੍ਹਨ ਨੂੰ ਮਿਲਦੀਆਂ ਹਨ। ਮੈਂ ਉਸ ਦੀ ਤੰਦਰੁਸਤੀ ਭਰੀ ਲੰਮੀ ਉਮਰ ਦੀ ਦੁਆ ਕਰਦਾ ਹੋਇਆ ਉਹਦੀਆਂ ਕੁਝ ਕਵਿਤਾਵਾਂ ਤੁਹਾਡੇ ਰੂ-ਬਰੂ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

**ਜ. ਸ. ਮਾਣੋਚਾਹਲ**

ਮਰਾਹਣਾ ਜੀ ਦੀ ਕਵਿਤਾ ਦੇ ਰੰਗ :-

## 1. ਵਕਤ ਗੁਜ਼ਰਦਾ ਜਾਂਦਾ

ਵਕਤ ਗੁਜ਼ਰਦਾ ਜਾਂਦਾ ਹੈ, ਕੁਝ ਤਾਂ ਸਮਝ ਵਿਚਾਰ ਜਿੰਦੇ।
ਗੁਜ਼ਰ ਗਿਆ ਜੋ ਮੁੜਨਾ ਨਾ, ਨਾਹੀ ਮਨੋ ਵਿਸਾਰ ਜਿੰਦੇ।

ਸ਼ਾਹ ਸਿਕੰਦਰ ਤੁਰ ਗਏ ਨੇ, ਤੂੰ ਵੀ ਆਖਿਰ ਤੁਰ ਜਾਣਾ।
ਫੜਿਆ ਨਹੀਂ ਹੈ ਫੜ ਹੋਣਾ, ਤੈਨੂੰ ਰਿਹਾ ਲਲਕਾਰ ਜਿੰਦੇ।

ਨਜ਼ਰ ਤੇਰੀ ਕਿਓ ਚੜਦੇ ਨਾ, ਜੋ ਸੜਕਾਂ ਉੱਤੇ ਰੁਲ਼ਦੇ ਨੇ?
ਸਮਝ ਸਮੇਂ ਦੀਆਂ ਰਮਜ਼ਾਂ ਨੂੰ, ਤੂੰ ਐਵੇ ਨਾ ਹੰਕਾਰ ਜਿੰਦੇ।

ਲਹੂ ਚੋਂਵੇ ਅੱਖੀ ਖੁੱਲੀਆਂ 'ਚੋਂ, ਸਿਖਰ ਦੁਪਹਿਰਾਂ ਧੁਖਦੇ ਨੇ।
ਕੌਣ ਇਹਨਾਂ ਦੀ ਸਾਰ ਲਊ, ਕਿਹੜਾ ਕਰੂ ਵਿਚਾਰ ਜਿੰਦੇ?

ਝੂਠੀ ਸ਼ੋਹਰਤ ਖੱਟਣ ਲਈ, ਤੂੰ ਬਿਨਾ ਕੰਮ ਤੋਂ ਰੁੱਝਿਆ ਹੈ।
ਯਾਰ ਕਿਸੇ ਦਾ ਬਣਦਾ ਨਾ, ਵਕਤ ਦਾ ਇਹੋ ਮਿਆਰ ਜਿੰਦੇ।

ਵਰਤ ਲੈ ਭਲ਼ਿਆ ਕੰਮਾਂ ਲ਼ਈ, ਜੱਗ ਤੇ ਆਉਣਾ ਫੇਰ ਨਹੀਂ।
ਚੰਦ ਰੋਜ ਦਾ ਮੇਲਾ ਹੈ, ਕਰ ਸਭ ਦੇ ਨਾਲ ਪਿਆਰ ਜਿੰਦੇ ।

ਗ਼ਰੀਬਾ, ਨਿਰਦੋਸ਼ਾਂ, ਬਦਨਸੀਬਾਂ ਅਤੇ ਮਦਹੋਸ਼ਾਂ ਲਈ ।
ਦੁਨੀਆ ਰੈਣ ਬਸੇਰਾ ਹੈ, ਸਭ ਦਾ ਸਾਝਾ ਹੈ ਸੰਸਾਰ ਜਿੰਦੇ।

ਦੇਹੀ ਵੀ ਆਖਿਰ ਬਿਨਸ ਜਾਣਾ, ਝੂਠਾ ਹੈ ਸਭ ਮਾਣ ਤੇਰਾ,
ਪਵਨ ਮੇ ਪਵਨ ਸਮਾ ਜਾਣਾ, ਪੈਣੀ ਜਮਾਂ ਦੀ ਮਾਰ ਜਿੰਦੇ।।

ਵਕਤ ਚੋਂ ਵਕਤ ਕੱਢਿਆ ਕਰ, ਜਿਸਨੇ ਹੈ ਗਵਾਹ ਬਣਨਾ।
"ਮਰਹਾਣਾ" ਤਾਂ ਕਹਿੰਦਾ ਹੈ, ਵਕਤ ਦੀ ਚੰਦਰੀ ਮਾਰ ਜਿੰਦੇ।

## 2. ਧਰਮ

ਗੁਰਦੁਆਰੇ, ਮੰਦਰ, ਮਸੀਤ,
ਆਉਂਦੀ ਜੁਗਾਂ ਤੋਂ ਚਲਦੀ ਰੀਤ।
ਆਪਣੇ ਹੱਥੀ ਆਪ ਬਣਾਉਂਦੇ,
ਨਾਲੇ ਨਾਮ ਹਰੀ ਗੁਣ ਗਾਉਂਦੇ।

ਲਾਉਂਦੇ, ਟਿੱਕੇ, ਟੇਵੇ, ਸਭ ਰੰਗ,
ਪੀਂਦੇ ਰੋਜ ਸਭ ਰੱਜ ਕੇ ਭੰਗ।
ਤਿਲਕ ਮੱਥੇ ਉੱਤੇ ਸਜਾਉਂਦੇ,
ਨਾਲੇ ਨਾਮ ਹਰੀ ਗੁਣ ਗਾਉਂਦੇ।

ਕਰਦੇ ਜੰਤਰ ਮੰਤਰ ਧਾਗੇ,
ਕੋਈ ਹੋਰ ਬੈਠ ਨਾ ਜਾਵੇ ਲਾਗੇ।
ਗੱਲੀਂ ਦਸੇ ਦਵਾਰ ਵਿਖਾਉਂਦੇ,
ਨਾਲੇ ਨਾਮ ਹਰੀ ਗੁਣ ਗਾਉਂਦੇ।

ਖਾਂਦੇ ਵਧੀਆ ਰੋਜ ਪਕਵਾਨ,
ਪੁੜੀਆਂ ਬੰਨ ਕੇ ਦੇਣ ਗਿਆਨ।
ਬੀਬੀ ਇੱਕ ਇੱਕ ਹੀ ਬਲਾਉਦੇ,
ਨਾਲੇ ਨਾਮ ਹਰੀ ਗੁਣ ਗਾਉਂਦੇ।

ਬਾਬਾ ਤਾ ਦਿਲ ਦੇ ਦੁੱਖ ਹਟਾਵੇ,
ਇਕੱਲਾ ਲੱਤਾਂ ਬਾਹਾ ਘੁਟਵਾਵੇ।
ਬੱਚੇ ਝੋਲੀਆ ਵਿੱਚ ਨੇ ਪਾਉਂਦੇ,
ਨਾਲੇ ਨਾਮ ਹਰੀ ਗੁਣ ਗਾਉਂਦੇ।

ਲੋਕੋ ਇਹ ਤਾਂ ਕਰਮ ਪਛਾਣੋ,
ਇਹਨਾ ਠੱਗਾ ਲੋਕਾ ਨੂੰ ਤਾ ਜਾਣੋ।
ਮਾਰ ਠੱਗੀਆਂ ਲੋਕ ਲੜਾਉਂਦੇ।
ਨਾਲੇ ਨਾਮ ਹਰੀ ਗੁਣ ਗਾਉਂਦੇ।

ਐਵੇ ਮੂਰਖ ਨਾ ਅਸੀਂ ਬਣੀਏ,
ਲੋਟੂ ਢਾਣਿਆ ਦੇ ਅੱਗੇ ਠਣੀਏ।
ਜਿਹੜੇ ਬੁੱਧੂ ਸਾਨੂੰ ਬਣਾਉਂਦੇ।
ਨਾਲੇ ਨਾਮ ਹਰੀ ਗੁਣ ਗਾਉਂਦੇ।

ਹਰੀ ਹਰ ਕਾ ਨਾਮ ਪਛਾਤਾ,
ਮਾਨਸ ਰੂਪ ਰੱਬ ਦਾ ਜਾਤਾ।

ਕਿਉ ਨਹੀ ਭੇਦ ਸਭ ਪਾਉਂਦੇ।
ਨਾਲੇ ਨਾਮ ਹਰੀ ਗੁਣ ਗਾਉਂਦੇ।
ਤੇਰੇ ਮੁੜ੍ਹਕੇ ਨੇ ਸੋਹਣਾ ਜੱਗ ਬਣਾਇਆ।
ਦੱਸ ਕੀ ਕਸੂਰ ਜੇ ਨਹੀ ਮੁੱਲ ਪਾਇਆ।

## 3. ਤੇਰੇ ਹੱਕਾਂ ਦੀ ਲੁੱਟ

ਸਦੀਆ ਕਮਾਈ ਨਾ ਬਦਲੀ ਤਕਦੀਰ।
ਲੇਖਾ ਵਾਲੀ ਜੱਟਾ ਗੂੜੀ ਹੋ ਗੀ ਲਕੀਰ।

ਤੇਰੇ ਮੱਥੇ ਤੇ ਅੱਖਰ ਵਿਧ ਮਾਤਾ ਜੋ ਪਾਏ।
ਤੇਰੇ ਭਾਗਾਂ ਵਿੱਚ ਦੁੱਖ ਦੱਸ ਕੌਣ ਮਿਟਾਏ?

ਤੈਨੂੰ ਪਾ ਕੇ ਭੁਲੇਖਾ ਢਿੱਡ ਜਾਂਦੇ ਵਧਾਈ।
ਮਿਟੀ ਹੱਥਾਂ ਦੀ ਲਕੀਰ ਕੁਦਰਤ ਬਣਾਈ।

ਕਦੇ ਤਾ ਇਹ ਸੋਚ ਕਿੱਥੋਂ ਬਣਨ ਚੁਬਾਰੇ?
ਤੂੰ ਬਣਾ ਤੇ ਸ਼ਾਹੂਕਾਰ ਬੱਚੇ ਰੋਲੇ ਵਿਚਾਰੇ।

ਫਿਰ ਵੀ ਸੜਕਾਂ ਤੇ ਰੋਜ ਡਾਂਗਾਂ ਤੂੰ ਖਾਵੇ।
ਹੱਕ ਭੀਖ ਬਣ ਗਏ ਅੱਗੇ ਹੱਥ ਵਧਾਵੇ।

ਕੀ ਇਹ ਧੱਕਾ ਤੇਰੇ ਨਾਲ ਜਾ ਰੱਬੀ ਭਾਣਾ?
ਜ਼ਰਾ ਕਰ ਵਿਚਾਰ ਕਿਓ ਬਣਿਆ ਨਿਤਾਣਾ।

ਪੂੰਜੀ ਦੇ ਅਬਾਰ ਸਾਰਾ ਚੱਕਾ ਹੈ ਘੁਮਾਣਾ।
ਤੇਰੇ ਹੱਕਾਂ ਦੀ ਲੁੱਟ ਰਲ ਕਰੇ ਲੋਟੂ ਢਾਣਾ।

ਕਦੋ ਤੋੜੇਗਾ ਤੂੰ ਗੜ ਰੂਪ ਸੰਗਤੀ ਬਣਾ ਕੇ?
ਕਰ ਜੋਦੜੀ ਅਕਾਲ ਅੱਗੇ ਭਗੌਤੀ ਉਠਾ ਕੇ।

## 4. ਪੰਜਾਬੀ ਬੋਲੀ

ਮਿੱਠੜੇ ਲੱਗਦੇ ਬੋਲ ਪੰਜਾਬੀ, ਜਦੋਂ ਜਬਾਨੋ ਬੋਲਣ ।
ਕਦੇ ਨਾਂ ਦਿਲ ਦੁਖਾਵਨ ਕਿਸੇ ਦਾ, ਜਦੋਂ ਮੁਖੜਾ ਖੋਲ੍ਹਣ ।

ਮਿੱਠੀ ਸੁਰ ਵਿੱਚ ਮਾਰਨ ਵਾਜਾ, ਮੁੱਖੋਂ ਫੁੱਲ ਨੇ ਕਿਰਦੇ ।
ਨਾਮ ਰੱਬ ਦਾ ਮਨੋ ਧਿਆਵਨ, ਹਰ ਦਮ ਤੁਰਦੇ ਫਿਰਦੇ ।

ਮਾਂ ਤੋਂ ਲੈ ਕੇ ਸਿੱਖਿਆ ਸੋਹਣੀ, ਸੋਹਣੇ ਬੋਲ ਸ਼ਿੰਗਾਰੇ ।
ਕਦੇ ਨਾਂ ਕਿਸੇ ਨੂੰ ਫਿੱਕਾ ਬੋਲਣ, ਜਾਵਾਂ ਮੈਂ ਬਲਿਹਾਰੇ ।

ਗੂੜ ਗਿਆਨ ਹਾਸਿਲ ਇਸ ਵਿੱਚ, ਗੁਰੂਆਂ ਦੀ ਵਡਿਆਈ।
ਦੁਸ਼ਮਣ ਨੂੰ ਵੀ ਮਿੱਠਾ ਬੋਲਣ, ਲੱਗਦੇ ਨੇ ਜਿਉਂ ਭਾਈ ।

ਦੂਜੀਆ ਸਭ ਭਾਸ਼ਾਵਾਂ ਨੂੰ ਵੀ ਆਪਣੇ ਵਿੱਚ ਮਿਲਾਇਆ।
ਨਫ਼ਰਤਾਂ ਦਾ ਤੋੜ ਕੇ ਘੇਰਾ, ਸਭ ਦਾ ਮਾਨ ਵਧਾਇਆ ।

ਨਹੀਂ ਮਿਲਿਆਂ ਇਨਸਾਫ਼ ਇਸਨੂੰ, ਜੋ ਬਣਦਾ ਸੀ ਇਸਦਾ।
ਹਾਕਮਾਂ ਦੇ ਮਿਲਗੋਬੇ ਦੇ ਵਿੱਚ, ਨਾਂ ਕੁਝ ਬਣਦਾ ਦਿਸਦਾ।

ਸ਼ਬਦ ਗੁਰੂ ਨੂੰ ਮਾਨ ਬਖ਼ਸ਼ਿਆ, ਗੁਰੂ ਗਰੰਥ ਪਿਆਰੇ ।
ਰੁਤਬਾ ਇਸਦਾ ਅੰਬਰਾਂ ਉਤੇ ਮਾਰੂ ਸਦਾ ਲਿਸ਼ਕਾਰੇ ।

ਵਿੱਚ ਪੰਜਾਬ ਦੇ ਕਿਰਦੀ ਜਾਵੇ, ਪਰਦੇਸਾ ਦੇ ਵਿੱਚ ਨੱਚੇ।
ਜੱਚਦਾ ਨਹੀਂ ਪੰਜਾਬੀਆਂ ਤਾਈ, ਨਾਂ ਅਸਾਂ ਨੂੰ ਜੱਚੇ ।

ਆਉ ਸਾਰੇ ਰਲ ਮਿਲ ਕੇ ਇਸਦਾ ਮਾਨ ਵਧਾਈਏ ।
ਪੰਜਾਬੀ ਆਪਣੀ ਮਾਂ ਬੋਲੀ ਦੇ, ਗੀਤ ਸਦਾ ਲਈ ਗਾਈਏ।

ਕਹੇ "ਮਰਹਾਣਾ"ਪੰਜਾਬੀ ਵੀਰੋ' ਆਪਣਾ ਮਾਨ ਪੰਜਾਬੀ ।
ਭੁੱਲ ਗਏ ਜੇ ਸਤਿਕਾਰ ਇਸਦਾ, ਰੁਲ਼ ਜਾਊ ਟੌਹਰ ਨਵਾਬੀ।

# ਲ਼ੋਕ-ਹੱਕਾਂ ਲਈ ਲੜਨ ਵਾਲ਼ਾ ਖੱਬੇ-ਪੱਖੀ ਸਾਹਿਤਕਾਰ

## ਜਸਬੀਰ ਝਬਾਲ

# 9464745738



ਜ਼ਿੰਦਗੀ ਦੇ ਬਿਖੜੇ ਰਾਹਾਂ ਤੇ ਤੁਰਨ ਵਾਲ਼ਾ, ਮਾਰਕਸੀ ਫ਼ਲਸਫ਼ੇ ਦਾ ਧਾਰਨੀ ਹੁੰਦਿਆਂ ਪੰਜਾਬ ਪੁਲਿਸ ਵਿਭਾਗ ਵਿੱਚ ਲੱਗਭੱਗ 30 ਸਾਲ ਸੇਵਾ ਕਰਕੇ ਰਿਟਾਇਰਮੈਂਟ ਤੋਂ ਬਾਅਦ ਸਭ ਤੋਂ ਵੱਧ ਦੱਬੇ-ਕੁਚਲੇ ਤੇ ਲਿਤਾੜੇ ਵਰਗ – ਖੇਤ-ਮਜ਼ਦੂਰਾਂ ਦੇ ਹੱਕਾਂ ਲਈ ਲੜਨ ਦਾ ਰਾਹ ਚੁਣਨ ਵਾਲ਼ਾ, ਪੰਜਾਬੀ ਮਾਂ-ਬੋਲੀ ਦਾ ਸੇਵਾਦਾਰ ਜਸਬੀਰ ਝਬਾਲ, ਇਤਿਹਾਸਕ ਕਸਬੇ ਝਬਾਲ ਦੀ ਧਰਤੀ ਤੇ ਮਜ਼ਦੂਰ ਪਰਿਵਾਰ ਵਿੱਚ 1962 ਵਿੱਚ ਪੈਦਾ ਹੋਇਆ। ਬੜੇ ਔਖੇ ਹਾਲਾਤਾਂ ਵਿੱਚ ਪਿੰਡ ਦੇ ਸਕੂਲਾਂ ਤੋਂ ਦਸਵੀਂ ਤੱਕ ਪੜ੍ਹਾਈ ਕਰਕੇ ਸਰਹਾਲੀ ਆਈ ਟੀ ਆਈ ’ਚ ਦਾਖ਼ਲਾ ਲਿਆ। ਇੱਥੇ ਉਸ ਦਾ ਵਾਹ ਐਸ ਐਫ ਆਈ (ਵਿਦਿਆਰਥੀਆਂ ਦੀ ਜਥੇਬੰਦੀ) ਦੇ ਆਗੂਆਂ ਨਾਲ਼ ਪਿਆ ਤੇ ਉਹ ਵਿਦਿਆਰਥੀਆਂ ਦਾ ਲੀਡਰ ਬਣ ਗਿਆ। ਜਦੋਂ ਸ੍ਰ. ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਬੱਸਾਂ ਦਾ ਕਿਰਾਇਆ 43% ਵਧਾਇਆ ਗਿਆ ਤਾਂ ਉਹ ਬਿਜਲੀ ਬੋਰਡ ਵਿੱਚ ਮਿਲ਼ੀ ਨੌਂਕਰੀ ਦੀ ਪ੍ਰਵਾਹ ਨਾ ਕਰਦਿਆਂ ਪੰਜਾਬ ਭਰ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਬੱਸਾਂ ਦੇ ‘ਚੱਕਾ-ਜਾਮ’ ਐਕਸ਼ਨ ਵਿੱਚ ਕੁੱਦ ਪਿਆ। ਸਿੱਟੇ ਵਜੋਂ ਬਿਜਲੀ ਬੋਰਡ ਦੀ ਨੌਂਕਰੀ ਜਾਂਦੀ ਰਹੀ ਤੇ ਘਰ-ਪਰਿਵਾਰ ਚੋਂ ਉਹਦਾ ਭਾਂਡਾ ਛੇਕ ਦਿੱਤਾ ਗਿਆ। ਗ੍ਰਿਫ਼ਤਾਰੀ ਤੋਂ ਬਚਣ ਲਈ ਅੰਡਰ-ਗਰਾਊਂਡ ਰਹਿਣਾ ਪਿਆ। ਬੱਸ-ਕਿਰਾਏ ਦੇ ਘੋਲ਼ ਨੂੰ ਵਿਸ਼ਾਲ ਹਿਮਾਇਤ ਮਿਲਣ ਕਾਰਨ ਜਿੱਤਿਆ ਗਿਆ ਤੇ ਸਰਕਾਰ ਨੇ ਮੰਗਾਂ ਮੰਨ ਲਈਆਂ। ਹੁਣ ਜਸਬੀਰ ਝਬਾਲ ਨੇ ਮਾਇਕ ਜ਼ਰੂਰਤਾਂ ਪੂਰੀਆਂ ਕਰਨ ਲਈ ਭੂਆ ਦੇ ਮੁੰਡੇ ਤੋਂ ਪਸ਼ੂਆਂ ਦੀ ਡਾਕਟਰੀ ਦਾ ਕੰਮ ਸਿੱਖਿਆ ਅਤੇ ਪਿੰਡ ਭੋਜੀਆਂ ਵਿੱਚ ਦੁਕਾਨ ਖੋਲ੍ਹ ਕੇ ਡਾਕਟਰੀ ਸੇਵਾਵਾਂ ਦੇ ਨਾਲ਼ ਜਨਵਾਦੀ ਨੌਜਵਾਨ ਸਭਾ ਦੇ ਝੰਡੇ ਹੇਠ ਨੌਜਵਾਨਾਂ ਨੂੰ

ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

1984 ਤੋਂ 1991 ਤੱਕ ਪੰਜਾਬ ਦੇ ਹਾਲਾਤ ਬਹੁਤ ਖ਼ਰਾਬ ਰਹੇ। ਖੱਬੇ-ਪੱਖੀ ਸੋਚ ਹੋਣ ਕਾਰਨ ਉਹ ਅਤਿਵਾਦੀਆਂ ਦੇ ਨਿਸ਼ਾਨੇ ਹੇਠ ਸੀ। ਪਿੰਡ 'ਚ ਆਪਣੇ ਘਰ ਦੇ ਚੁਬਾਰੇ ਵਿੱਚ ਮੋਰਚਾ ਬਣਾ ਕੇ ਆਪਣੀ ਰਾਖੀ ਆਪ ਕਰਨੀ ਪਈ। ਆਖ਼ਰ 1992 ਵਿੱਚ ਮਾਮੇ ਦੇ ਪੁੱਤ ਦਿਲਬਾਗ ਸਿੰਘ ਦੀ ਮਦਦ ਨਾਲ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਰਿਟਾਇਰਮੈਂਟ ਤੋਂ ਬਾਅਦ ਉਹਨੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਪਿੰਡਾਂ ਵਿੱਚ ਦੋਹਰੀ ਲੁੱਟ ਦਾ ਸ਼ਿਕਾਰ ਸਭ ਤੋਂ ਵੱਧ ਲਿਤਾੜੇ ਹੋਏ ਵਰਗ 'ਖੇਤ-ਮਜ਼ਦੂਰਾਂ' ਨੂੰ ਜਥੇਬੰਦ ਕਰਨ ਦਾ ਰਾਹ ਚੁਣਿਆ ਜਿਸ ਤੇ ਉਹ ਹੁਣ ਤੱਕ ਪਹਿਰਾ ਦੇ ਰਿਹਾ ਹੈ। ਸਿੱਖ ਧਰਮ ਦਾ ਗਿਆਨ ਹਾਸਲ ਕਰਨ ਲਈ ਉਹਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਦੋ ਸਾਲ ਦਾ ਸਿੱਖ ਧਰਮ ਅਧਿਐਨ ਕੋਰਸ ਚੰਗੇ ਨੰਬਰਾਂ ਨਾਲ਼ ਪਾਸ ਕਰਕੇ ਪ੍ਰਧਾਨ ਤੋਂ 1100 ਰੁਪਏ ਦਾ ਅਵਾਰਡ ਪ੍ਰਾਪਤ ਕੀਤਾ। ਉਹ ਅੰਮ੍ਰਿਤਧਾਰੀ ਸਿੱਖ ਹੋਣ ਕਾਰਨ ਸਿੱਖ ਧਰਮ ਦੀਆਂ ਸਰਕਾਰੀ ਬੇਇਨਸਾਫ਼ੀ ਵਿਰੁੱਧ ਲੜਨ ਦੀਆਂ ਰਿਵਾਇਤਾਂ ਤੋਂ ਭਲੀ-ਭਾਂਤ ਜਾਣੂੰ ਹੈ। ਉਹਨੇ ਕਾ: ਜਤਿੰਦਰ ਪੰਨੂੰ ਦੀ ਪ੍ਰੇਰਨਾ ਨਾਲ਼ ਸਾਹਿਤ ਸਿਰਜਣਾ ਵੱਲ ਪਹਿਲਾ ਕਦਮ ਪੁੱਟਿਆ। ਗੁਰਜਿੰਦਰ ਬਘਿਆੜੀ ਰਾਹੀਂ 'ਪੰਜਾਬੀ ਸਾਹਿਤ ਸਭਾ ਚੋਗਾਵਾਂ' ਅਤੇ ਕਹਾਣੀਕਾਰ ਤਲਵਿੰਦਰ ਸਿੰਘ ਰਾਹੀਂ 'ਜਨਵਾਦੀ ਲੇਖਕ ਸਭਾ' ਨਾਲ ਜੁੜ ਗਿਆ। 'ਮਾਂ ਦਾ ਮੋਹ' ਪਹਿਲਾ ਗੀਤ-ਸੰਗ੍ਰਹਿ ਲਿਖ ਕੇ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ। 'ਬਾਬੇ ਦਾ ਪੋਤਾ' ਅਤੇ 'ਮਿੱਟੀ ਦੀ ਮਹਿਕ' ਦੋ ਕਹਾਣੀ-ਸੰਗ੍ਰਹਿ' ਲਿਖ ਕੇ ਉਹਨੇ ਪੰਜਾਬੀ ਕਹਾਣੀ ਦੀ ਸਿਨਫ਼ 'ਚ ਹਾਜ਼ਰੀ ਲਵਾਈ। 'ਸੱਚ ਦੇ ਪ੍ਰਵਾਨੇ' ਸਿਰਲੇਖ ਹੇਠ ਲੋਕ-ਲਹਿਰਾਂ ਦੇ ਆਗੂਆਂ ਦੇ ਰੇਖਾ-ਚਿੱਤਰ ਲਿਖੇ ਅਤੇ 'ਬਿਖੜੇ ਰਾਹਾਂ ਦਾ ਸਫ਼ਰ' ਰਾਹੀਂ ਆਪਣੀ ਸਵੈ-ਜੀਵਨੀ ਅਤੇ ਇੱਕ ਸਫ਼ਰਨਾਮਾ 'ਉੱਡਣ ਦੀ ਲੋਚਾ' ਵੀ ਪੰਜਾਬੀ ਪਾਠਕਾਂ ਦੀ ਝੋਲ਼ੀ ਪਾਇਆ। ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸੱਥ ਅੰਮ੍ਰਿਤਸਰ ਦਾ ਪ੍ਰਧਾਨ ਹੈ ਅਤੇ ਦੂਰ-ਨੇੜੇ ਹੋਣ ਵਾਲ਼ੇ ਸਾਹਿਤਕ ਸਮਾਗਗਮਾਂ ਵਿੱਚ ਵੀ ਹਾਜ਼ਰੀ ਭਰਦਾ ਹੈ। ਮੇਰੇ ਲਈ ਉਹ ਸਾਹਿਤਕ ਪ੍ਰੇਰਨਾ ਦਾ ਜਾਦੂਗਰ ਸਾਬਤ ਹੋਇਆ ਜਿਹਨੇ ਮੈਨੂੰ ਵੀ ਸਾਹਿਤ ਸਿਰਜਣਾ ਦੇ ਰਾਹ ਪਾਇਆ ਤੇ ਮੈਂ ਪੰਜ ਪੁਸਤਕਾਂ ਛਪਵਾ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ-ਯੋਗ ਹੋਇਆ। ਉਹ ਇੱਕ ਚੌਮਾਸਕ ਪੰਜਾਬੀ ਮੈਗਜ਼ੀਨ 'ਸਤਰੰਗੀ' ਦਾ ਸੰਪਾਦਕ ਵੀ ਹੈ।

ਉਸ ਦੇ ਪਰਿਵਾਰ ਵਿੱਚ ਆਗਿਆਕਾਰ ਪਤਨੀ ਸ੍ਰੀ ਮਤੀ ਪਲਵਿੰਦਰ ਕੌਰ ਦੋ ਬੇਟੀਆਂ ਅਮਨਦੀਪ ਤੇ ਨਵਦੀਪ ਕੌਰ ਅਤੇ ਦੋ ਬੇਟੇ ਸੁਮੀਤ ਸਿੰਘ ਤੇ ਸੰਗਰਾਮਵੀਰ ਸਿੰਘ ਸ਼ਾਮਲ ਹਨ। ਬੱਚੇ ਸ਼ਾਦੀ-ਸੁਦਾ ਅਤੇ ਬਰਸਰੇ ਰੋਜ਼ਗਾਰ ਹਨ। ਇਸ ਵੇਲੇ ਜਸਬੀਰ ਝਬਾਲ ਪਰਿਵਾਰ ਸਮੇਤ ਸਾਹਿਬਜ਼ਾਦਾ ਜੁਝਾਰ ਸਿੰਘ ਐਵੇਨਿਊ, ਏਅਰਪੋਰਟ ਰੋਡ, ਅੰਮ੍ਰਿਤਸਰ

ਰਹਿ ਕੇ ਸਾਹਿਤ ਅਤੇ ਲੋਕ-ਸੇਵਾ ਵਿੱਚ ਮਸ਼ਰੂਫ਼ ਹੈ।

**ਜ. ਸ. ਮਾਣੋਚਾਹਲ**

ਜਸਬੀਰ ਝਬਾਲ ਦੀ ਮਿੰਨੀ ਕਹਾਣੀ ਦੇ ਨਮੂਨੇ :-

# 1. ਰੂਹ ਦੀ ਖ਼ੁਰਾਕ

ਬਸੰਤੀ ਬੇਸਮੈਂਟ ਦੀ ਬੁਰਜੀ ਨਾਲ਼ ਢੋਅ ਲਾ ਕੇ ਬੀੜੀ ਪੀ ਕੇ ਸਕੂਨ ਲੈ ਰਹੀ ਸੀ। ਉਸ ਦੇ ਸਿਰ ਉੱਪਰ ਕੀਤੇ ਮੜਾਸੇ ਵਿੱਚੋਂ ਪਸੀਨਾ ਚੋ ਕੇ ਘਰਾਲ਼ਾਂ ਉਸ ਦੇ ਕਣਕਵੰਨੇ ਮੂੰਹ ਉੱਤੋਂ ਦੀ ਲੰਘ ਕੇ ਉਸ ਦੀ ਛਾਤੀ ਤਕ ਮਾਰ ਕਰ ਰਹੀਆਂ ਸਨ। ਅੱਜ ਜੂਨ ਮਹੀਨੇ ਦੀ ਕੜਕਵੀਂ ਦੁਪਹਿਰ ਵੀ ਆਪਣੀ ਜੋਬਨ ਰੁੱਤੇ ਸੀ। ਤੀਸਰੀ ਮੰਜ਼ਿਲ ਤੇ ਬਸੰਤੀ ਸਿਰ ਤੇ ਤੇਰਾਂ ਤੇਰਾਂ ਇੱਟਾਂ ਚੁੱਕ ਕੇ ਚੜ੍ਹਾਉਂਦੀ ਗਰਮੀ ਨਾਲ਼ ਬੇਹਾਲ ਹੋਈ ਪਈ ਸੀ। ਸ਼ਾਇਦ ਉਹ ਆਪਣੇ ਥਕੇਵੇਂ ਨੂੰ ਦੂਰ ਕਰਨ ਲਈ ਬੀੜੀ ਦਾ ਸਹਾਰਾ ਲੈ ਰਹੀ ਸੀ।

ਵੈਸੇ ਬਸੰਤੀ ਦਿਹਾੜੀ ਵਿੱਚ ਤਿੰਨ ਵਾਰ ਬੀੜੀ ਪੀ ਲੈਂਦੀ ਸੀ। ਬੀੜੀ ਪੀਣ ਤੋਂ ਬਾਅਦ ਬਸੰਤੀ ਨੇ ਚੁੰਨਿ ਨਾਲ਼ ਆਪਣੇ ਮੁਖੜੇ ਤੋਂ ਪਸੀਨਾ ਪੂੰਝਿਆ। ਫਿਰ ਉੱਪਰ-ਥੱਲੇ ਝਾਤ ਮਾਰੀ ਤੇ ਢਾਕ ਤੇ ਹੱਥ ਰੱਖ ਕੇ ਤੀਸਰੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਦੀ ਬੋਲੀ, "ਸ਼ਿੰਦਿਆ ਤੇਰੇ ਕੋਲੋਂ ਅਜੇ ਇੱਟਾਂ ਨਹੀਂ ਮੁੱਕੀਆਂ, ਛੇਤੀ ਕੰਮ ਕਰ। ਆਹ ਵੇਖ, ਲੱਭੂ ਕਿਦਾਂ ਸੀਮੈਂਟ ਦਾ ਬਾਲ਼ਟਾ ਫੜੀ ਅਫਸਰ ਬਣੀ ਖਲੋਤਾ ਹੈ।"

"ਵੇਖ ਬਸੰਤੀਏ, ਬਹੁਤਾ ਬੋਲੀਂ ਨਾ, ਤੂੰ ਆਪਣਾ ਕੰਮ ਕਰੀ ਜਾਹ, ਮੈਂ ਆਪਣਾ ਕਰਨ ਡਿਹਾਂ। ਤੂੰ ਤਾਂ ਠੇਕੇਦਾਰ ਨਾਲੋਂ ਵੀ ਜ਼ਿਆਦਾ ਰੋਹਬ ਪਾ ਰਹੀ ਆਂ।"

ਏਨੇ ਨੂੰ ਠੇਕੇਦਾਰ ਮਹਿੰਦਰ ਸਿੰਘ ਵੀ ਤੀਸਰੀ ਮੰਜ਼ਲ ਤੇ ਆ ਪਹੁੰਚਾ। ਉਸ ਦੇ ਹੱਥ ਵਿੱਚ ਨਿੰਬੂ ਸਨ। ਨਿੰਬੂ ਬਸੰਤੀ ਨੂੰ ਫੜਾਉਂਦਿਆਂ ਉਹ ਕਹਿਣ ਲੱਗਾ, "ਉਂਜ ਗਰਮੀ ਬਹੁਤ ਹੈ ਬਸੰਤੀ, ਹੇਠੋਂ ਨਿੰਬੂ ਪਾਣੀ ਬਣਵਾ ਕੇ ਸਾਰਿਆਂ ਨੂੰ ਪਿਆ ਦੇ।" ਬਸੰਤੀ ਰਾਜੂ ਨੂੰ ਥੱਲਿਓਂ ਆਵਾਜ਼ ਮਾਰ ਕੇ ਨਿੰਬੂ-ਪਾਣੀ ਬਣਾਉਣ ਲਈ ਕਿਹਾ ਜੋ ਇੱਟਾਂ ਦੇ ਚੱਕੇ ਨੂੰ ਪਾਣੀ ਲਾ ਰਿਹਾ ਸੀ। ਨਾਲ਼ ਹੀ ਕਹਿਣ ਲੱਗੀ, "ਆਪਣੀ ਸ਼ੀਲਾ ਨੂੰ ਕਹੀਂ ਕਿ ਨਿੰਬੂ-ਪਾਣੀ ਵਧੀਆ ਬਣਾਵੇ, ਅੱਜ ਸਾਡਾ ਠੇਕੇਦਾਰ ਗਰਮੀ ਨਾਲ਼ ਬੇਹੋਸ਼ ਹੋਣ ਵਾਲ਼ਾ ਹੈ," ਕਹਿੰਦਿਆਂ ਨਿੰਬੂਆਂ ਵਾਲ਼ਾ ਲਿਫ਼ਾਫਾ ਉਹਨੇ ਹੇਠਾਂ ਸੁੱਟ ਦਿੱਤਾ। ਉਹਦੀ ਗੱਲ ਸੁਣ ਕੇ ਸਾਰੇ ਹੱਸ ਪਏ।

ਸ਼ੀਲਾ ਨੇ ਨਿੰਬੂ-ਪਾਣੀ ਵਿੱਚ ਨਮਕ ਜ਼ਰਾ ਵਧੇਰੇ ਪਾ ਦਿੱਤਾ। ਘੁੱਟ ਭਰਦਿਆਂ ਹੀ ਸ਼ਿੰਦਾ ਚੌਂਕ ਪਿਆ, "ਇਹ ਨਿੰਬੂ-ਪਾਣੀ ਆ ਕਿ ਸਮੁੰਦਰ ਦਾ ਪਾਣੀ?"

"ਤਹਾਨੂੰ ਨਮਕ ਇਸ ਕਰਕੇ ਜ਼ਿਆਦਾ ਪਾਇਆ ਕਿ ਨਮਕ ਖਾ ਕੇ ਹਰਾਮ ਨਾ

ਕਰਿਓ," ਬਸੰਤੀ ਬੋਲ ਪਈ। ਸੁਣ ਕੇ ਠੇਕੇਦਾਰ ਨਿੰਮ੍ਹਾ ਜਿਹਾ ਹੱਸਿਆ। ਸ਼ਿੰਦਾ ਕਹਿਣ ਲੱਗਾ, "ਠੇਕੇਦਾਰਾ, ਆਪਣੀ ਬਸੰਤੀ ਨੂੰ ਰੋਕ ਲਾ, ਇਹ ਹਰ ਸਮੇਂ ਟਕੋਰਾਂ ਮਾਰਦੀ ਰਹਿੰਦੀ ਆ। "

"ਟਕੋਰਾਂ ਕਾਹਦੀਆਂ, ਨਾਲ਼ੇ ਗਰਮੀ 'ਚ ਨਿੰਬੂ-ਪਾਣੀ ਪਿਆਓ ਤੇ ਨਾਲ਼ੇ ਗੱਲਾਂ ਸੁਣੋ। ਜੇ ਨਿਆਣੀ ਕੋਲੋਂ ਭੋਰਾ ਨਮਕ ਵੱਧ ਪੈ ਗਿਆ ਤਾਂ ਕਿਹੜੀ ਆਖ਼ਰ ਆ ਗਈ?"

ਕੋਲ਼ ਖੜਾ ਦੂਸਰਾ ਮਜ਼ਦੂਰ ਬੋਲਿਆ, "ਛੱਡ ਪਰ੍ਹੇ ਸ਼ਿੰਦਿਆ, ਪੀ ਲੈਣ ਦੇ ਸਾਰਾ ਨਿੰਬੂ-ਪਾਣੀ ਠੇਕੇਦਾਰ ਤੇ ਬਸੰਤੀ ਨੂੰ। "

ਸਾਰਿਆਂ ਨੇ ਪਾਣੀ ਪੀਤਾ ਤੇ ਆਪੋ ਆਪਣੇ ਕੰਮ ਲੱਗ ਗਏ। ਪੰਜ ਵੱਜ ਗਏ ਤਾਂ ਸਾਰਿਆਂ ਨੇ ਡਰੰਮ ਵਾਲ਼ੇ ਪਾਣੀ ਚੋਂ ਹੱਥ-ਮੂੰਹ ਧੋਤਾ। ਬਸੰਤੀ ਚੁੱਪ ਨਾ ਰਹਿ ਸਕੀ। ਆਖਣ ਲੱਗੀ," ਪਾਣੀ ਬਹੁਤਾ ਗੰਦਾ ਨਾ ਕਰੀ ਜਾਇਓ, ਮੈਂ ਵੀ ਹੱਥ-ਮੂੰਹ ਧੋਣਾ। ਘਰ ਜਾ ਕੇ ਸਾਬਣ ਨਾਲ਼ ਨਹਾ ਲਿਓ।"

ਗੰਦੇ ਸਾਫ਼ੇ ਨਾਲ਼ ਮੂੰਹ ਪੂੰਝਦਿਆਂ ਲੱਭੂ ਬੋਲਿਆ, "ਠੇਕੇਦਾਰਾ, ਤੂੰ ਬਸੰਤੀ ਨੂੰ ਬਾਹਲ਼ਾ ਸਿਰ ਤੇ ਚੜ੍ਹਾਈ ਜਾਨਾਂ, ਜਣੇ-ਖਣੇ ਨਾਲ਼ ਈ ਪੰਗਾ ਲੈਂਦੀ ਰਹਿੰਦੀ ਆ, ਫੜਾ ਸਾਡੀ ਦਿਹਾੜੀ ਤੇ ਟਾਇਮ ਨਾਲ਼ ਤੁਰਦੇ ਬਣੀਏ। "

"ਗੁੱਸਾ ਨਹੀਂ ਕਰੀ ਦਾ ਲੱਭੂ ਰਾਮਾ, ਹੱਸਣਾ ਖੇਡਣਾ ਰੂਹ ਦੀ ਖ਼ੁਰਾਕ ਹੁੰਦੀ ਆ। ਹੱਸੇ ਖੇਡੇ ਤਾਂ ਬੰਦਾ ਕੰਮ ਕਰਦਾ ਥੱਕਦਾ ਨਹੀਂ ਤੇ ਸਰੀਰ ਵੀ ਤੰਦਰੁਸਤ ਰਹਿੰਦਾ", ਠੇਕੇਦਾਰ ਨੇ ਆਪਣੀ ਫ਼ਿਲਾਸਫੀ ਭੋਰੀ।

## 2. ਸੁਪਨਾ

ਅਪ੍ਰੈਲ ਮਈ ਦੇ ਦਿਨ ਸਨ। ਗਰਮੀ ਪੂਰੇ ਜੋਬਨ 'ਤੇ ਸੀ। ਈਦੂ ਤੇ ਉਸ ਦਾ ਬਾਬਾ ਸਬਜ਼ੀ ਗੋਡ ਰਹੇ ਸਨਕਿ ਅਚਾਨਕ ਪੁਲਿਸ ਦੀ ਧਾੜ ਵੇਖ ਕੇ ਈਦੂ ਘਬਰਾ ਗਿਆ। ਉਹ ਉੱਚੀ ਸਾਰੀ ਬੋਲਿਆ, "ਅੱਬਾ ਜਾਨ, ਔਹ ਵੇਖ ਪੁਲਿਸ ਸਾਡੇ ਵੱਲ ਆ ਰਹੀ ਹੈ।" ਇਬਰਾਹੀਮ ਪੁਲਿਸ ਨੂੰ ਵੇਖ ਕੇ ਹੱਥ ਜੋੜ ਕੇ ਖਲੋ ਗਿਆ, ਸਿਰ ਝੁਕਾ ਕੇ ਸਲਾਮ ਕਰਨ ਲੱਗਾ ਸੀ ਕਿ ਈਦੂ ਘਬਰਾ ਕੇ ਉਹਦੇ ਪਿੱਛੇ ਛੁਪ ਗਿਆ।

"ਬਾਬਾ ਏਧਰ ਕੋਈ ਅਣ-ਪਛਾਤੇ ਹਥਿਆਰ-ਬੰਦ ਨੌਜਵਾਨ ਤਾਂ ਨਹੀਂ ਦੇਖੇ," ਇੱਕ ਪੁਲਿਸ ਅਫਸਰ ਬੋਲਿਆ।

"ਨਹੀਂ ਸਰਦਾਰ ਜੀ, ਜੇ ਉਹ ਏਧਰ ਹੁੰਦੇ ਤਾਂ ਅਸੀਂ ਕਿਵੇਂ ਕੰਮ ਕਰ ਸਕਦੇ ਸਾਂ। ਉਹ ਸਾਡਾ ਕੰਮ ਬੰਦ ਕਰਵਾ ਕੇ ਜਬਰੀ ਘਰੋਂ ਰੋਟੀ-ਪਾਣੀ ਲਿਆ ਕੇ ਖਵਾਉਣ ਲਈ ਤੋਰ ਦੇਂਦੇ। ਜੇ ਨਹੀਂ ਦੇਂਦੇ ਤਾਂ ਮਾਰ-ਕੁੱਟ ਕਰਦੇ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇਂਦੇ। ਅਜੇ ਪਿਛਲੇ ਹਫ਼ਤੇ ਹੀ ਗੁਲਾਮ ਰਸੂਲ ਦੇ ਘਰੋਂ ਇਕ ਰਾਤ ਜਬਰੀ ਖਾਣਾ

ਖਾ ਕੇ ਗਏ ਤੇ ਉਹਦੀ ਲੜਕੀ ਨਾਲ਼ ਛੇੜ-ਖ਼ਰਾਬੀ ਵੀ ਕੀਤੀ।"

"ਉਹਨੇ ਪੁਲਿਸ ਕੋਲ਼ ਰਿਪੋਰਟ ਲਿਖਾਈ ਸੀ ਬਾਬਾ?" ਪੁਲਿਸ ਅਫ਼ਸਰ ਨੇ ਪੁਛਿਆ।

"ਨਹੀਂ ਸਾਹਬ, ਉਹਨਾਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ ਤੇ ਡਰਦੇ ਮਾਰੇ ਗੁਲਾਮ ਨੇ ਇਸ ਦੀ ਭਿਣਕ ਵੀ ਨਹੀਂ ਪੈਣ ਦਿੱਤੀ। ਆਖ਼ਰ ਉਹ ਪਰਿਵਾਰ ਸਮੇਤ ਪਿੰਡ ਛੱਡ ਕੇ ਮਿਹਨਤ-ਮਜ਼ਦੂਰੀ ਕਰਨ ਲਈ ਸ਼ਹਿਰ ਚਲੇ ਗਿਆ।"

"ਅਮਰੀਕ ਤੇ ਖ਼ਾਨ ਤੁਸੀਂ ਖੱਬੇ ਸੱਜੇ ਪੁਜੀਸ਼ਨਾਂ ਲਓ। ਗੁਰਜੀਤ ਤੁਸੀਂ ਦੌਲ਼ਤ ਨਾਲ਼ ਸਾਰੇ ਪਿੰਡ ਦੀ ਸਰਚ ਕਰੋ," ਦਾ ਹੁਕਮ ਦੇ ਕੇ ਕਿਰਪਾਲ ਬਾਬੇ ਦਾ ਹੱਥ ਫੜ ਕੇ ਪਰ੍ਹਾਂ ਲੈ ਗਿਆ। ਈਦੂ ਵੀ ਡਰਦਾ ਡਰਦਾ ਬਾਬੇ ਦਾ ਝੱਗਾ ਫੜੀ ਨਾਲ਼ ਜਾ ਰਿਹਾ ਸੀ। ਗੱਲਾਂ ਕਰਦਿਆਂ ਜਦੋਂ ਕਿਰਪਾਲ ਦਾ ਧਿਆਨ ਨੰਨ੍ਹੇ-ਮੁੰਨੇ ਈਦੂ ਵੱਲ ਗਿਆ ਤਾਂ ਬੋਲਿਆ, "ਬਾਬਾ ਤੇਰਾ ਪੋਤਾ ਪੜ੍ਹਦਾ ਹੈ?"

"ਪੜ੍ਹਦਾ ਸੀ ਪਰ ਹੁਣ ਬੁਰੇ ਵਕਤ ਹੋਣ ਕਾਰਨ ਸਕੂਲ ਨਹੀਂ ਜਾਂਦਾ। ਮੈਂ ਤਾਂ ਚਾਹੁੰਦਾ ਸੀ ਕਿ ਇਹ ਪੜ੍ਹ ਜਾਵੇ ਤੇ ਪੁਲਿਸ ਵਿੱਚ ਭਰਤੀ ਹੋ ਜਾਵੇ। ਜਦੋਂ ਕਦੇ ਵਰਦੀ ਪਾ ਕੇ ਪਿੰਡ ਆਉਂਦਾ ਤਾਂ ਮਨ ਖ਼ੁਸ਼ ਹੋ ਜਾਂਦਾ। ਤੁਸੀਂ ਵਰਦੀ ਵਿੱਚ ਕਿੰਨੇ ਸੁਹਣੇ ਲਗਦੇ ਹੋ? ਮੇਰਾ ਈਦੂ ਵੀ ਤੁਹਾਡੇ ਵਾਂਗ ਸੁਹਣਾ ਲਗਦਾ ਪਰ ਮੇਰੇ ਨਸੀਬਾਂ ਵਿੱਚ ਇਹ ਵੇਖਣਾ ਨਹੀਂ ਸੀ," ਬਾਬੇ ਨੇ ਠੰਢਾ ਹਉਕਾ ਭਰਦਿਆਂ ਅੱਖਾਂ 'ਚੋਂ ਹੰਝੂ ਕੇਰੇ।

ਕਿਰਪਾਲ ਨੇ ਬਾਬੇ ਦਾ ਮੋਢਾ ਥਾਪੜਦਿਆਂ ਹੌਂਸਲਾ ਦੇਂਦੇ ਕਿਹਾ, "ਬਾਬਾ ਇਹ ਕਿਹੜੀ ਗੱਲ ਆ, ਤੂੰ ਆਪਣੇ ਪੋਤਰੇ ਨੂੰ ਪੜ੍ਹਾ ਦੇ ਤੇ ਪੁਲਿਸ ਵਿੱਚ ਭਰਤੀ ਕਰਵਾਉਣਾ ਮੇਰਾ ਕੰਮ, ਤੂੰ ਦਿਲ ਥੋੜ੍ਹਾ ਨਾ ਕਰ।"

ਕਿਰਪਾਲ ਨੂੰ ਆਪਣਾ ਬਚਪਨ ਯਾਦ ਆ ਗਿਆ। ਉਹਦੀਆਂ ਅੱਖਾਂ ਸਾਹਮਣੇ ਆਪਣੇ ਬਾਪੂ ਦਾ ਲਾਲ ਗੋਰਾ ਰੰਗ, ਦੁੱਧ ਵਰਗੀ ਚਿੱਟੀ ਦਾਹੜੀ ਤੇ ਲਿਸ਼ਕਦੀਆਂ ਮੋਟੀਆਂ ਓਖਾਂ ਵਾਲ਼ੀ ਤਸਵੀਰ ਘੁੰਮਣ ਲੱਗੀ। ਉਹਨੂੰ ਯਾਦ ਆਇਆ ਕਿ ਜਦੋਂ ਉਹ ਆਪਣੇ ਬਾਪੂ ਨਾਲ਼ ਖੇਤਾਂ ਵਿੱਚ ਟੀਂਡੇ ਤੇ ਖ਼ਰਬੂਜ਼ੇ ਗੋਡਦਾ ਹੁੰਦਾ ਸੀ ਤਾਂ ਉਹਦਾ ਬਾਪੂ ਵੀ ਇਹੋ ਕਿਹਾ ਕਰਦਾ ਸੀ ਕਿ ਮੇਰਾ ਪੋਤਾ ਵੱਡਾ ਹੋ ਕੇ ਅਫਸਰ ਬਣੇਗਾ। ਬਾਪੂ ਵੱਲੋਂ ਉਹਦੇ ਲਈ ਨਵੇਂ ਕੱਪੜੇ, ਗੰਨੇ ਅਤੇ ਮੱਕੀ ਦੀਆਂ ਛੱਲੀਆਂ ਲਿਆ ਕੇ ਦੇਣ ਦੀਆਂ ਯਾਦਾਂ ਵਿੱਚ ਗਵਾਚ ਗਿਆ ਸੀ ਕਿ ਪੁਲਿਸ ਪਾਰਟੀ ਸਰਚ ਕਰਕੇ ਵਾਪਸ ਆ ਗਈ। ਗੁਰਜੀਤ ਦੇ ਬੋਲ ਸੁਣ ਕੇ ਉਹ ਜਿਵੇਂ ਨੀਂਦ 'ਚੋਂ ਜਾਗਿਆ ਹੋਵੇ। ਉਹਨੇ ਜਵਾਨਾਂ ਨੂੰ ਅਗਲਾ ਹੁਕਮ ਦੇ ਕੇ ਰਵਾਨਾ ਕੀਤਾ।

ਗੱਡੀ ਵਿੱਚ ਬੈਠਦਿਆਂ ਹੀ ਕਿਰਪਾਲ ਦਾ ਧਿਆਨ ਫਿਰ ਪਿੱਛੇ ਪਿੰਡ ਦੀਆਂ ਗਲ਼ੀਆਂ ਵੱਲ ਚਲਾ ਗਿਆ। ਉਹ ਸੋਚ ਰਿਹਾ ਸੀ ਕਿ ਜੇ ਉਹਦਾ ਬਾਪੂ ਅੱਜ ਜੀਊਂਦਾ ਹੁੰਦਾ ਤਾਂ ਉਹ ਵਰਦੀ ਪਾ ਕੇ ਪਿੰਡ ਜਾਂਦਾ। ਉਹਨੂੰ ਵੇਖ ਕੇ ਬਾਪੂ ਕਿੰਨਾ ਖ਼ੁਸ਼ ਹੁੰਦਾ।

ਉਹ ਮਾਣ ਨਾਲ਼ ਪਿੰਡ ਵਾਲ਼ਿਆਂ ਨੂੰ ਦੱਸਦਾ ਕਿ ਉਹਦਾ ਪੋਤਾ ਪੁਲਿਸ ਅਫਸਰ ਹੈ। ਫਿਰ ਬਾਪੂ ਦੀ ਸ਼ਾਨ ਵੱਖਰੀ ਹੁੰਦੀ। ਪਰ ਅਫ਼ਸੋਸ ਕਿ ਉਹਦਾ ਬਾਪੂ ਤਾਂ ਉਹਦੇ ਬਚਪਨ ਵਿੱਚ ਹੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ ਚੱਲ ਵੱਸਿਆ ਸੀ। ਅੱਜ ਬਾਪੂ ਜਿਊਂਦਾ ਹੁੰਦਾ ਤਾਂ ਮੈਂ ਉਹਨੂੰ ਗੱਡੀ 'ਚ ਬਿਠਾ ਕੇ ਸੈਰ ਕਰਾਉਂਦਾ। ਹੁਣ ਮੈਂ ਬਾਪੂ ਨੂੰ ਇਹ ਸਭ ਕੁਝ ਵਿਖਾ ਤਾਂ ਨਹੀਂ ਸਕਦਾ ਪਰ ਮੈਂ ਉਹਦਾ ਸੁਪਨਾ ਪੂਰਾ ਕਰ ਦਿੱਤਾ ਹੈ। ਹੁਣ ਮੈਂ ਤਨਦੇਹੀ ਨਾਲ਼ ਆਪਣੀ ਡਿਊਟੀ ਪੁਰੀ ਕਰਾਂਗਾ ਤਾਂ ਕਿ ਸਾਡੇ ਦੇਸ਼ ਦੇ ਹਾਲਾਤ ਸੁਖਾਵੇਂ ਹੋ ਜਾਣ। ਅਤਿਵਾਦੀ-ਵੱਖਵਾਦੀ ਤਾਕਤਾਂ ਨੂੰ ਭਾਂਜ ਦੇ ਕੇ ਆਪਣੇ ਦੇਸ਼ ਵਿੱਚ ਇਹੋ ਜਿਹਾ ਮਹੌਲ ਸਿਰਜਾਂਗੇ ਕਿ ਇਬਰਾਹੀਮ ਬਾਬੇ ਵਰਗੇ ਸਾਰਿਆਂ ਦੇ ਸੁਪਨੇ ਪੂਰੇ ਹੋ ਜਾਣ ਅਤੇ ਈਦੂ ਵਰਗੇ ਪੁੱਤਰ ਪੜ੍ਹ ਲਿਖ ਕੇ ਨੌਂਕਰੀ ਕਰਨਗੇ ਅਤੇ ਆਪੋ ਆਪਣੇ ਬਾਬਿਆਂ ਦੇ ਸੁਪਨੇ ਪੂਰੇ ਕਰਕੇ ਦੇਸ਼ ਦਾ ਮਾਣ ਬਣ ਸਕਣਗੇ।

# ਪੈਗ਼ਾਮ-ਏ-ਮੁਹੱਬਤ ਵੰਡਣ ਲਈ ਭਾਰਤ ਦਰਸ਼ਨ ਕਰਨ ਵਾਲ਼ਾ ਭਗਰੱਥ

**#9779976307**



ਦੇਸ਼ ਵਿੱਚ ਮਨੁੱਖੀ ਏਕਤਾ, ਆਪਸੀ ਪਿਆਰ, ਸਦਭਾਵਨਾ ਤੇ ਭਾਈਚਾਰਾ ਬਣਾਈ ਰੱਖਣ ਲਈ ਪੈਗ਼ਾਮ-ਏ-ਮੁਹੱਬਤ ਵੰਡਣ ਲਈ ਸਾਈਕਲ ਤੇ ਭਾਰਤ-ਦਰਸ਼ਨ ਕਰਨ ਵਾਲ਼ੇ ਮਹਾਂ-ਬਲੀ ਯੋਧੇ ਤੇ ਸਾਹਿਤਕ ਮੱਸ ਰੱਖਣ ਵਾਲ਼ੇ ਸ੍. ਹਰਭਜਨ ਸਿੰਘ ਭਗਰੱਥ ਦਾ ਜਨਮ ਪਿਤਾ ਸ੍. ਕਰਮ ਸਿੰਘ ਤੇ ਮਾਤਾ ਗੁਰਚਰਨ ਕੌਰ ਦੇ ਘਰ 6 ਅਪ੍ਰੈਲ 1964 ਨੂੰ ਹੋਇਆ। 1980 ਵਿੱਚ ਦਸਵੀਂ ਜਮਾਤ ਪਾਸ ਕੀਤੀ ਤੇ 4.06.1983 ਨੂੰ ਉਹ ਭਾਰਤੀ ਡਾਕ ਵਿਭਾਗ ਵਿੱਚ ਬਤੌਰ ਗ੍ਰਾਮੀਣ ਡਾਕ ਸੇਵਕ ਭਰਤੀ ਹੋ ਗਏ। 2.8.2019 ਨੂੰ ਵਿਭਾਗ ਨੇ ਉਹਨੂੰ ਮਲਟੀ ਟਾਸਕ ਫੋਰਸ ਵਿੱਚ ਸ਼ਾਮਲ ਕੀਤਾ ਤੇ 30.04.2024 ਨੂੰ ਉਹ ਸ਼ਾਨਦਾਰ ਸੇਵਾ ਉਪ੍ਰੰਤ ਸੇਵਾ ਮੁਕਤ ਹੋ ਗਿਆ। ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਨਾਲ ਜੁੜਿਆ ਹੋਣ ਕਾਰਨ ਪਿਛਲੇ ਦੋ ਸਾਲਾਂ ਤੋਂ ਬਤੌਰ ਜਨਰਲ ਸਕੱਤਰ ਸਾਹਿਤ ਸਭਾ ਦੀ ਸੇਵਾ ਨਿਭਾ ਰਿਹਾ ਹੈ।

ਲਿਖਣ ਤੇ ਪੜ੍ਹਨ ਦਾ ਸ਼ੌਕ ਉਹਨੂੰ ਬਚਪਨ ਤੋਂ ਹੀ ਸੀ। ਉਹਨੇ 100 ਤੋਂ ਵੱਧ ਕਵਿਤਾਵਾਂ ਤੇ ਮਿੰਨੀ ਕਹਾਣੀਆਂ ਲਿਖੀਆਂ ਤੇ ਵਾਰਤਿਕ ਦੀ ਵੰਨਗੀ ਵਜੋਂ ਸਫ਼ਰਨਾਮੇ ਦੀ ਤਰਜ਼ ਤੇ ਭਾਰਤ-ਯਾਤਰਾ ਦਾ ਹਾਲ ਵੀ ਲਿਖਿਆ। ਪਰ ਆਰਥਿਕ ਤੰਗੀਆਂ ਕਾਰਨ ਉਹ ਇਹਨਾਂ ਲਿਖਤਾਂ ਨੂੰ ਪੁਸਤਕ ਰੂਪ ਨਹੀਂ ਦੇ ਸਕਿਆ। ਜੇ ਪੰਜਾਬ ਭਾਸ਼ਾ ਵਿਭਾਗ ਅਜਿਹੇ ਲੇਖਕਾਂ ਦੀਆਂ ਰਚਨਾਵਾਂ ਨੂੰ ਛਪਵਾਉਣ ਵਿੱਚ ਆਰਥਿਕ ਸਹਾਇਤਾ ਕਰੇ ਤਾਂ ਨਿਸਚੇ ਹੀ ਭਗਰੱਥ ਵਰਗੇ ਕਈ ਹੀਰੇ ਗੋਦੜੀ ਦੇ ਲਾਲ ਸਾਬਤ ਹੋਣਗੇ। ਉਸ ਦੀਆਂ ਰਚਨਾਵਾਂ ਵਿੱਚ 'ਸੱਜਨ ਗੱਜਨ' (ਨਾਵਲ), 'ਪਾਰੋ ਦਾ ਜੀਤ' (ਕਹਾਣੀ), 'ਭਾਰਤ-ਦਰਸ਼ਨ ਯਾਤਰਾ ਦਾ ਹਾਲ (ਵਾਰਤਕ), ਪੈਗ਼ਾਮ-ਏ-ਮੁਹੱਬਤ' ਦੀਆਂ 12 ਕਿਸ਼ਤਾਂ

ਵਿੱਚ- ਬਾਅਦ ਵਿੱਚ ਇਸ ਰਚਨਾ ਦਾ ਨਾਮ 'ਮੇਰੀ ਜੀਵਨ ਗਾਥਾ' ਰੱਖਿਆ ਗਿਆ। 'ਹੇਮਕੁੰਟ ਯਾਤਰਾ' ਤੇ 'ਭਾਰਤ-ਦਰਸ਼ਨ ਯਾਤਰਾ' ਛਪਾਈ ਅਧੀਨ ਹਨ।

ਭਾਰਤ-ਦਰਸ਼ਨ ਯਾਤਰਾ ਦੌਰਾਨ ਭਗਰਥ ਨੇ ਦੇਸ਼ ਦਾ ਉੱਤਰ, ਦੱਖਣ, ਪੂਰਬ, ਪੱਛਮ ਸਾਈਕਲ ਤੇ ਗਾਹਿਆ ਇਸ ਕਾਰਨ ਰਸਤੇ ਵਿੱਚ ਕਈ ਅਹਿਮ ਸਖ਼ਸ਼ੀਅਤਾਂ ਨੇ ਉਸ ਦਾ ਅਭਿਨੰਦਨ ਕੀਤਾ ਜਿਹਨਾਂ ਵਿੱਚ ਅਖੰਡ ਪ੍ਰਤਾਪ ਸਿੰਘ ਯਾਦਵ ਅਲਪਸੰਖਿਅਕ ਮੰਤਰੀ ਮੱਧ ਪ੍ਰਦੇਸ਼, ਸ਼ਿਵਰਾਜ ਸਿੰਘ ਚੌਹਾਨ ਮੁੱਖ ਮੰਤਰੀ, ਸਾਂਸਦ ਰਜਿੰਦਰ ਪਾਂਡੇ, ਸ੍ਰੀ ਖ਼ੁਸ਼ੀ ਰਾਮ ਪ੍ਰਥਮ ਡੀ.ਸੀ. ਜ਼ਿਲ੍ਹਾ ਤਰਨ-ਤਾਰਨ ਤੇ ਹੋਰ ਕਈ ਧਾਰਮਕ ਰਾਜਨੀਤਕ ਜਥੇਬੰਦੀਆਂ ਸ਼ਾਮਲ ਹਨ। ਭਗਰੱਥ ਦਾ ਸੁਨੇਹਾਂ ਹੈ ਕਿ ਆਓ ਦਾਇਰਿਆਂ ਨੂੰ ਤੋੜੀਏ, ਇਕ ਹੀ ਧਰਤੀ, ਇਕ ਆਕਾਸ਼ ਤੇ ਸਾਰਿਆਂ ਲਈ ਇਕ ਹੀ ਸਾਂਝੀ ਆਬੋ-ਹਵਾ ਹੈ, ਫਿਰ ਧਰਮਾਂ-ਜਾਤਾਂ ਦੇ ਨਾਂ ਤੇ ਵੰਡੀਆਂ ਕਿਉਂ? ਆਓ ਧਰਮਾਂ, ਮਜ਼੍ਹਬਾਂ, ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਖੁੱਲ੍ਹੇ ਆਕਾਸ਼ਾਂ ਵਿੱਚ ਉੱਡੀਏ, ਆਪਣੇ ਦੇਸ਼ ਭਾਰਤ ਮਹਾਨ ਨੂੰ ਪਿਆਰ ਕਰੀਏ ਤੇ ਕੁਝ ਵੀ ਹੋਰ ਬਣਨ ਤੋਂ ਪਹਿਲਾਂ ਇਨਸਾਨ ਬਣੀਏ।

ਉਹਨਾਂ ਦੀ ਸ਼ਾਦੀ ਸਰਦਾਰਨੀ ਹਰਮੀਤ ਕੌਰ ਨਾਲ ਹੋਈ। ਉਸ ਦੇ ਦੋ ਬੇਟੇ ਹਰਮਨਜੀਤ ਤੇ ਹਰਸਿਮਰਨਜੀਤ ਸਿੰਘ ਹਨ ਤੇ ਦੋਵੇਂ ਸ਼ਾਦੀ-ਸ਼ੁਦਾ ਹਨ। ਪ੍ਰੀਤੀ ਤੇ ਕੋਮਲ ਦੋ ਨੂੰਹਾਂ ਅਤੇ ਡੁੱਗੂ, ਅੰਸ਼ੂ, ਜਪਮਨ ਪੋਤਰੇ ਤੇ ਕੁਦਰਤ ਨਾਂ ਦੀ ਪੋਤਰੀ ਉਹਦੇ ਵਿਹੜੇ ਦੀ ਰੌਣਕ ਹਨ। ਬਦਕਿਸਮਤੀ ਨੂੰ 1998 ਵਿੱਚ ਪਤਨੀ ਦੀ ਮੌਤ ਹੋ ਗਈ ਸੀ। ਇਸ ਸਮੇਂ ਉਹ ਤਰਨਤਾਰਨ ਸ਼ਹਿਰ ਦੇ ਨੇੜੇ ਜੰਡਿਆਲ਼ਾ ਰੋਡ ਤੇ ਵੱਸਦੇ ਪਿੰਡ ਮਲ੍ਹੀਆ ਵਿੱਚ ਰਹਿੰਦੇ ਹਨ।

**ਜ. ਸ. ਮਾਣੋਚਾਹਲ**

ਭਗਰੱਥ ਦੀਆਂ ਰਚਨਾਵਾਂ :-

## 1. ਮਾਨਵਤਾ ਦਾ ਵਿਨਾਸ਼

ਢੇਰੀ ਹੋ ਰਹੀਆਂ ਬਿਲਡਿੰਗਾਂ,
ਮਰਦੇ ਹੋਏ ਨਿਰਦੋਸ਼,
ਛੂਕਦੇ ਹੋਏ ਟੈਂਕ,
ਤੋਪਾਂ ਦੀ ਗੜਗੜਾਹਟ,
ਬਰਸਦੀਆਂ ਮਿਜ਼ਾਈਲਾਂ,
ਲਹੂ-ਲੁਹਾਨ ਇਨਸਾਨੀਅਤ,
ਝੁਲਸਿਆ ਹੋਇਆ ਬਚਪਨ,

ਉੱਡਦੀਆਂ ਹੋਈਆਂ ਘਰਾਂ ਦੀਆਂ ਛੱਤਾਂ,
ਪੇਟ ਭਰ ਰੋਟੀ ਨੂੰ ਤਰਸਦੇ ਲੋਕ,
ਹੀਰਾਂ ਦੇ ਰਾਂਝੇ, ਭੈਣਾਂ ਦੇ ਵੀਰ,
ਮਾਵਾਂ ਦੇ ਪੁੱਤ, ਸਿਰਾਂ ਦੇ ਸਾਈਂ,
ਘਰੋਂ ਬੇਘਰ,
ਵਿਛੜੇ ਹੋਏ ਲੱਭ ਰਹੇ ਹੋਣਗੇ ਇੱਕ ਦੂਸਰੇ ਨੂੰ।
ਨਿਰਦੋਸ਼ਾਂ ਦੀਆਂ ਲਾਸ਼ਾਂ ਦੇ ਢੇਰ
ਤੇ ਮੌਤ ਦਾ ਤਾਂਡਵ ਚਾਰ-ਚੁਫ਼ੇਰੇ।
ਜ਼ਮੀਨ ਤੋਂ ਸਮੁੰਦਰ ਤੱਕ,
ਸਮੁੰਦਰ ਤੋਂ ਆਸਮਾਨ ਤੱਕ,
ਹੱਫੜਾ-ਦੱਫੜੀ,
ਚੀਕ-ਚਿਹਾੜਾ,
ਦਹਿਸ਼ਤਗਰਦ ਹੀ ਕਰ ਰਹੇ ਨੇ
ਦਹਿਸ਼ਤਗਰਦੀ ਨੂੰ ਖ਼ਤਮ ਕਰਨ ਦੀ ਗੱਲ।
ਬੇਬੱਸ, ਮਾਯੂਸ, ਉਦਾਸ ਭਗਰੱਥ ਕਰ ਰਿਹਾ ਹੋਵੇਗਾ
ਵਿਸ਼ਵ ਵਿੱਚ ਸ਼ਾਂਤੀ ਲੈ ਆਉਣ ਦੀ ਗੱਲ।

----------0------------

## 2. ਐ ਜ਼ਿੰਦਗੀ

ਤੇਰੇ ਨਾਲ਼ ਨਰਾਜ਼ ਨਹੀਂ ਹਾਂ ਮੈਂ,
ਐ ਜ਼ਿੰਦਗੀ!
ਫ਼ਖ਼ਰ ਹੈ ਮੈਨੂੰ ਕਿ ਮੈਂ ਹੀ ਜਿੱਤਦਾ ਰਿਹਾ,
ਬੇਸ਼ੱਕ ਤੂੰ ਮੈਨੂੰ ਹਰਾਉਣ ਦੀ ਨਾਕਾਮ ਕੋਸ਼ਿਸ਼ ਕਰਦੀ ਰਹੀ।
ਗ਼ਮ, ਤਨਹਾਈ, ਬਿਰਹੋਂ ਅਤੇ ਹਿਜ਼ਰ ਦੇ ਵਾਵਰੋਲ਼ਿਆਂ ਨਾਲ਼
ਜੂਝਦਾ ਰਿਹਾ ਮੈਂ,

ਰੇਤ ਦੇ ਦਰਿਆਵਾਂ ਨੂੰ ਪਾਰ ਕਰਦਾ ਗਿਆ,
ਵੱਧਦਾ ਗਿਆ, ਮੈਂ ਆਪਣੀ ਮੰਜ਼ਿਲ ਵੱਲ ਲਾਪ੍ਰਵਾਹ ਹੋ ਕੇ।

ਨਦੀਆਂ, ਝਰਨੇ, ਸ਼ੂਕਦੇ ਸਾਗਰ ਦੀਆਂ ਲਹਿਰਾਂ,
ਪਰ ਇਹ ਅਨਹਦ ਤਾਂ ਨਹੀਂ ਸੀ,
ਜਲਸ਼ਯ ਦੇ ਕਿਨਾਰੇ ਜਲ ਪਰਵਹਿਣ ਨਹੀਂ ਸੀ ਜਿੱਥੇ,
ਸੁੱਕ ਚੁੱਕੇ ਸੀ ਜਿਸ ਦੇ ਵਹਿਣ,

ਪਰ ਇਹ ਸ਼ੂਕਦੇ ਹੋਏ ਸਾਗਰ ਦੀਆਂ ਲਹਿਰਾਂ ਦੀ ਆਵਾਜ਼ ਕਿੱਥੋਂ ਆ ਰਹੀ ਸੀ?
ਮਧੁਰ ਸੰਗੀਤ ਨੇ ਮੋਹ ਲਿਆ ਸੀ ਮੇਰਾ ਮਨ,
ਜ਼ਰੂਰ ਇਹ ਅਨਹਦ ਸੀ,
ਘੰਟੇ, ਸੰਖ, ਨਗਾਰਿਆਂ ਦੀ ਆਵਾਜ਼
ਸੁਣ ਮੰਤਰ-ਮੁਗਧ ਹੋ ਗਿਆ ਸੀ ਮੈਂ।
ਮੁੰਦੇ ਹੋਏ ਨੇਤਰ, ਜੱਦੋ-ਜਹਿਦ ਕਰਕੇ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ ਮੈਂ।

ਸੰਗੀਤ ਤਾਂ ਮੇਰੇ ਅੰਦਰ ਸੀ,
ਮੇਰੇ ਹੀ ਮਸਤਕ ਵਿੱਚ ਗਰਜ ਰਹੇ ਸੀ ਬੱਦਲ,
ਚਮਕ ਰਹੀ ਸੀ ਬਿਜਲੀ,
ਬਰਸ ਰਹੀ ਸੀ ਅੰਮ੍ਰਿਤਧਾਰਾ।
ਸੁਖਮਨਾ ਪਰਗਟ ਹੋ ਗਈ ਸੀ,
ਅਲੌਕਿਕ ਪ੍ਰਕਾਸ਼ ਨਾਲ਼ ਭਰਦਾ ਜਾ ਰਿਹਾ ਸੀ ਮੈਂ।

ਆਨੰਦ ਆ ਰਿਹਾ ਸੀ
ਭਗਰੱਥ, ਆਨੰਦ ਆ ਰਿਹਾ ਸੀ,
ਮੈਂ ਜਾਗਰਿਤ ਹੋ ਰਿਹਾ ਸੀ,
ਗਿਆਨ ਦੀ ਹਨੇਰੀ ਅਗਿਆਨਤਾ ਦੇ ਪਰਬਤਾਂ ਨੂੰ
ਤਹਿਸ਼-ਨਹਿਸ਼ ਕਰ ਰਹੀ ਸੀ।

-----------0-------------

## 3. ਤਸਬੀ ਦੇ ਮਣਕੇ

ਤਸਬੀ ਦੇ ਬਿਖਰੇ ਹੋਏ ਮਣਕਿਆਂ ਵਿੱਚੋਂ

ਆਵਾਜ਼ ਆ ਰਹੀ ਸੀ –
"ਨਾ ਸਾਨੂੰ ਮਿਲਿਐ, ਨਾ ਤੈਨੂੰ ਮਿਲੇਗਾ"
ਘੁਣ ਦਾ ਖਾਧਾ ਹੋਇਆ ਕਾਸਾ ਕੰਬਿਆ,
ਬੁਝ ਗਏ ਆਸ ਦੇ ਦੀਵੇ,
ਨੈਣਾਂ ਦੀ ਧੁੰਦਲੀ ਰੋਸ਼ਨੀ ਵਿੱਚ
ਮੈਂ ਉਹਨੂੰ ਪਹਿਚਾਣ ਨਾ ਸਕਿਆ।

ਹੱਥ–ਪੈਰ ਮਾਰਦਿਆਂ ਛੂਹ ਬੈਠਾ ਮੈਂ ਉਸ ਦੇ ਚਰਨ,
ਤੇ ਨੂਰੋ–ਨੂਰ ਹੋ ਗਿਆ
ਰੱਬ ਹੀ ਹੋਵੇਗਾ ਉਹ ਸ਼ਾਇਦ,
ਸਾਗਰ ਵੀ ਦਾਇਰੇ ਵਿੱਚ ਹੈ,
ਸਮੁੱਚੀ ਕਾਇਨਾਤ ਨੂੰ ਸਮੋਈ ਬੈਠਾ ਸੀ
ਉਹ ਤਾਂ ਆਪਣੇ ਕਲਾਵੇ ਵਿੱਚ।

ਉਸ ਦੇ ਨਾਲ਼ ਉੱਡਣਾ ਅਸੰਭਵ ਸੀ,
ਪਰ ਅਸੰਭਵ ਨੂੰ ਸੰਭਵ ਬਣਾਉਣਾ
ਉਸ ਨੇ ਹੀ ਸਿਖਾਇਆ ਸੀ ਮੈਨੂੰ।
ਨਹੀਂ ਛੱਡੇ ਮੈਂ ਚਰਨ ਉਸਦੇ ਤੇ ਉਹ ਲੈ ਗਿਆ ਮੈਨੂੰ
ਮੇਰੇ ਮੁਕਾਮ ਵੱਲ, ਉਹ ਮੁਕਾਮ
ਜਿੱਥੇ ਪਹੁੰਚ ਕੇ ਅੱਜ ਮੈਂ ਬਣਿਆ ਹਾਂ ਭਗਰੱਥ।

-------------0-------------

## 4. ਐ ਲਹਿਰ

ਐ ਲਹਿਰ!
ਤੇਰੀ ਕੀ ਹਸਤੀ?
ਤੇਰਾ ਕੀ ਵਜੂਦ?
ਸਾਗਰ ਦੀ ਅੰਸ਼ ਹੈ ਤੂੰ,
ਸਾਗਰ ਹੀ ਤੇਰਾ ਮੂਲ,

ਸਾਗਰ ਵਿਚਲੇ ਹੀਰੇ,
ਲ਼ਾਲ ਜਵਾਹਰ,
ਸੁੱਚੇ ਮੋਤੀ,
ਤੇਰੇ ਕਿਸ ਕੰਮ?
ਤੈਨੂੰ ਕਾਹਦਾ ਮਾਣ?
ਇਕ ਛਿਨ ਵੀ ਤੇਰੀ
ਆਉਧ ਨਹੀਂ,
ਤੂੰ ਸਾਗਰ ਹੀ ਕਿਉਂ ਨਹੀਂ ਹੋ ਜਾਂਦੀ?
ਲ਼ਹਿਰ ਹੈ ਤੂੰ ਇਹੀ ਤੇਰਾ ਭਰਮ ,
ਤੇਰੀ ਹਾਉਮੈ, ਤੇਰਾ ਹੰਕਾਰ,
ਸਾਗਰ ਦੀ ਅੰਸ਼ ਹੈ ਤੂੰ,
ਅਗਿਆਨਤਾ ਵਸ ਤੂੰ ਲਹਿਰ ਹੈਂ,
ਮੂਲ ਦੀ ਪਹਿਚਾਣ ਕਰ,
ਤੇ ਸਾਗਰ ਹੋ ਜਾਹ,
ਸਾਗਰ ਵਿਚ ਛੁਪੇ ਖ਼ਜ਼ਾਨੇ ਦੀ ਮਾਲਕ ਬਣ।
ਵਾਰ ਵਾਰ ਜੰਮਦੀ ਤੇ ਮਰਦੀ ਹੈਂ ਤੂੰ,
ਜ਼ਿਦ ਛੱਡ ਤੇ ਅਮਰ ਹੋ ਜਾਹ,
ਭਟਕ ਨਾ ਐਵੇਂ,
ਭਗਰੱਥ ਦੇ ਵਾਂਗ,
ਬੂੰਦ ਨਾ ਬਣ ਸਮੁੰਦਰ ਹੋ ਜਾਹ।

# ਬਹੁ-ਪੱਖੀ ਸ਼ਖ਼ਸੀਅਤ ਗੁਰਜਿੰਦਰ ਸਿੰਘ ਬਘਿਆੜੀ

**#8437432800**



ਵੱਡੇ ਸਾਹਿਤਕ ਘੇਰੇ ਵਿੱਚ ਵਿਚਰਣ ਵਾਲ਼ਾ ਸਾਹਿਤਕਾਰ ਗੁਰਜਿੰਦਰ ਸ਼ਿੰਘ ਬਘਿਆੜੀ, ਝਬਾਲ ਤੋ ਅਟਾਰੀ ਨੂੰ ਜਾਣ ਵਾਲ਼ੀ ਕਿਸੇ ਵੇਲ਼ੇ ਦੀ ਸ਼ਾਹੀ ਸੜਕ ਕੰਢੇ ਵੱਸਦੇ ਸਰਹੱਦੀ ਪਿੰਡ ਗਿੱਦੜੀ ਬਘਿਆੜੀ ਦੇ ਸ੍ਰ. ਰਘਬੀਰ ਸਿੰਘ ਅਤੇ ਸ੍ਰੀਮਤੀ ਅਮਰਜੀਤ ਦੇ ਘਰ 2 ਅਕਤੂਬਰ 1976 ਨੂੰ ਪੈਦਾ ਹੋਇਆ। ਜਿਵੇਂ ਕਿ ਆਮ ਹੁੰਦਾ ਹੈ, ਬੱਚੇ ਨੂੰ ਸਕੂਲ ਭੇਜਣ ਦੀ ਕਾਹਲ਼ ਕਰਕੇ ਮਾਪਿਆਂ ਵੱਲੋਂ ਸਕੂਲ ਵਿੱਚ ਉਸ ਦੀ ਉਮਰ ਪਹਿਲੀ ਮਈ 1976 ਲਿਖਾ ਦਿੱਤੀ ਗਈ। ਗੁਰਜਿੰਦਰ ਸਿੰਘ ਨੇ ਮਿਡਲ ਤੱਕ ਦੀ ਸਿੱਖਿਆ ਪਿੰਡ ਦੇ ਸਕੂਲ ਤੋਂ, ਦਸਵੀਂ ਯੂਨਾਈਟਡ ਹਾਈ ਸਕੂਲ ਖੇਮਕਰਨ ਤੋਂ ਅਤੇ ਬਾਰ੍ਹਵੀਂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ (ਠੱਠਾ) ਤੋਂ ਹਾਸਲ ਕੀਤੀ। ਉਪ੍ਰੰਤ ਰੋਜ਼ੀ-ਰੋਟੀ ਅਤੇ ਪਰਿਵਾਰਿਕ ਜ਼ਿੰਮਵਾਰੀਆਂ ਨਿਭਾਉਣ ਹਿੱਤ ਭਾਈ ਲਾਲੋ ਵਾਲ਼ਾ ਕਾਰਪੈਂਟਰ ਦਾ ਕੰਮ ਕਰਨਾ ਸ਼ੁਰੂ ਕੀਤਾ ਜੋ ਅਜੇ ਵੀ ਉਸ ਦੀ ਉਪਜੀਵਕਾ ਦਾ ਮੁੱਖ ਸਾਧਨ ਹੈ।ਉਸ ਦੀ ਧਰਮ ਪਤਨੀ ਮਨਜਿੰਦਰ ਕੌਰ ਜੋਤੀ ਅਤੇ ਇਸ਼ਮੀਤ ਕੌਰ ਤੇ ਜਸਮੀਤ ਕੌਰ ਨਾਂ ਦੀਆਂ ਦੋ ਪਿਆਰੀਆਂ ਬੇਟੀਆਂ ਹਨ ਜੋ ਅਜੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਹੀ ਦੋ ਧੀਆਂ ਤੋਂ ਬਾਅਦ ਉਸਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ ਜਿਸ ਦਾ ਨਾਂ ਉਹਨੇ ਅਵਤਾਰ ਸਿੰਘ ਰੱਖਿਆ ਹੈ।

ਗੁਰਜਿੰਦਰ ਬਘਿਆੜੀ ਕਵਿਤਾ ਲਿਖਣ ਦੇ ਨਾਲ਼ ਨਾਲ਼ ਕਹਾਣੀ ਅਤੇ ਨਿਬੰਧ ਲਿਖਣ ਵਿੱਚ ਵੀ ਮੁਹਾਰਤ ਰੱਖਦਾ ਹੈ। ਆਰਥਿਕ ਮਜਬੂਰੀਆਂ ਦੇ ਰੂਬਰੂ ਉਹ ਆਪਣੀਆਂ ਰਚਨਾਵਾਂ ਨੂੰ ਅਜੇ ਕਿਤਾਬੀ ਸ਼ਕਲ ਨਹੀਂ ਦੇ ਸਕਿਆ ਪਰ ਉਸ ਦੀਆਂ ਰਚਨਾਵਾਂ ਧਰਵਿੰਦਰ ਔਲਖ ਦੀ ਸੰਪਾਦਨਾ ਹੇਠ ਛਪੀ ਸਾਂਝੀ ਪੁਸਤਕ 'ਨਵੀਂ ਰੋਸ਼ਨੀ' ਵਿੱਚ ਛਪੀਆਂ ਹਨ ਅਤੇ ਅਕਸਰ ਪੰਜਾਬੀ ਮੈਗਜ਼ੀਨਾਂ ਰਾਹ ਦਿਸੇਰਾ, ਮੇਘਲਾ, ਵੰਗਾਰ (ਮਾਸਕ), ਖਾਲਸਾ ਫ਼ਤਿਹਨਾਮਾ (ਮਾਸਕ), ਸਾਂਝਾਂ ਆਰ ਪਾਰ ਦੀਆਂ, ਵਰ੍ਹੇਵਾਰ ਪੰਜ

ਪਾਣੀ, ਸਤਰੰਗੀ, ਆਨ ਲਾਈਨ ਪਰਚੇ ਪੀਂਘਾਂ ਸੋਚ ਦੀਆਂ, ਕੌਮੀ ਸਵਤੰਤਰ, ਆਬਸ਼ਾਰ ਅਤੇ ਪੰਜਾਬੀ ਅਖ਼ਬਾਰਾਂ ਅਜੀਤ, ਪੰਜਾਬੀ ਟ੍ਰਿਬਿਊਨ, ਅੱਜ ਦੀ ਆਵਾਜ਼, ਡੇ-ਨਾਈਟ ਨਿਊਜ਼ ਪੰਜਾਬ ਆਦਿ ਵਿੱਚ ਛਪਦੀਆਂ ਰਹਿੰਦੀਆਂ ਹਨ। ਜਿਵੇਂ ਕਿ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਉਹ ਬਹੁਤ ਸਾਰੀਆਂ ਸਾਹਿਤ ਸਭਾਵਾਂ ਨਾਲ ਜੁੜਿਆ ਹੋਇਆ ਹੈ ਜਿਹਨਾਂ ਵਿੱਚ ਪੰਜਾਬੀ ਸਾਹਿਤ ਸਭਾ ਚੋਗਾਵਾਂ (ਸਕੱਤਰ), ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਤਰਨਤਾਰਨ (ਜਨਰਲ ਸਕੱਤਰ) ਅਤੇ ਮਾਝਾ ਜਨਵਾਦੀ ਲੇਖਕ ਸਭਾ ਸ਼ਾਮਲ ਹਨ।

ਉਹ ਬਾਬਾ ਖੜਕ ਸਿੰਘ ਸਪੋਰਟਸ, ਕਲਚਰਲ ਅਤੇ ਵੈੱਲਫ਼ੇਅਰ ਕਲੱਬ (ਰਜਿ:) ਬਘਿਆੜੀ ਦਾ ਪ੍ਰਧਾਨ ਅਤੇ ਹਿੰਦ-ਪਾਕਿ ਦੋਸਤੀ ਤੇ ਅਮਨ-ਸ਼ਾਂਤੀ ਲਈ ਸਰਹੱਦ ਤੇ ਮੋਮਬੱਤੀਆਂ ਬਾਲਣ ਵਾਲ਼ੀ ਸੰਸਥਾ ਫੋਕਲੋਰ ਰਿਸਰਚ ਅਕੈਡਮੀ (ਰਜਿ:) ਦਾ ਮੀਤ ਪ੍ਰਧਾਨ ਹੋਣ ਦੇ ਨਾਲ਼ ਸਿਆਣਾ ਤੇ ਸੁਲਝਿਆ ਹੋਇਆ ਗ੍ਰੰਥੀ, ਕਥਾਵਾਚਕ ਅਤੇ ਪ੍ਰਭਾਵਸ਼ਾਲੀ ਬੁਲਾਰਾ ਵੀ ਹੈ।ਉਸ ਨੂੰ ਇਹਨਾਂ ਧਾਰਮਿਕ ਤੇ ਸਵੈ-ਸੇਵੀ ਸਰਗਰਮੀਆਂ ਕਾਰਨ ਕਈ ਸੰਸਥਾਵਾਂ ਤੋਂ ਮਾਨ-ਸਨਮਾਨ ਵੀ ਮਿਲ ਚੁੱਕੇ ਹਨ। ਉਹ ਪੰਜ ਵਾਰ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਕਰ ਆਇਆ ਹੈ। ਧਰਵਿੰਦਰ ਔਲਖ ਦੇ ਸ਼ਬਦਾਂ ਵਿੱਚ ਉਹ 'ਜਲ਼ ਬਚਾਓ, ਜ਼ਬਾਨ ਬਚਾਓ ਅਤੇ ਜੰਗਲ ਬਚਾਓ' ਦੇ ਨਾਹਰੇ ਨਾਲ਼ ਸਮਾਜ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕਰ ਰਿਹਾ ਹੈ।ਅੱਜ ਕੱਲ੍ਹ ਉਹ ਪਰਿਵਾਰ ਸਮੇਤ ਆਪਣੇ ਪਿੰਡ ਗਿੱਦੜੀ ਬਘਿਆੜੀ (ਨੇੜੇ ਝਬਾਲ), ਬਲਾਕ ਗੰਡੀਵਿੰਡ ਜ਼ਿਲ੍ਹਾ ਤਰਨਤਾਰਨ ਵਿਖੇ ਰਹਿੰਦਾ ਹੋਇਆ ਪਿਤਾ-ਪੁਰਖੀ ਕਿਰਤ ਨਾਲ਼ ਜੁੜਿਆ ਹੋਇਆ ਹੈ।

**ਜ. ਸ. ਮਾਣੋਚਾਹਲ**

ਗੁਰਜਿੰਦਰ ਬਘਿਆੜੀ ਦੀ ਕਵਿਤਾ ਦੇ ਰੰਗ :-

## 1. ਏਧਰ-ਓਧਰ

ਜਦ ਸੂਰਜ ਚੜ੍ਹੇ ਮੁਹੱਬਤਾਂ ਦਾ,
ਕਿਰਨਾਂ ਜਾਵਣ ਏਧਰ ਵੀ ਤੇ ਓਧਰ ਵੀ।
ਚੰਦ ਚੜ੍ਹੇ ਪੁੰਨਿਆ ਦਾ ਸੱਜਣਾ,
ਚਾਨਣ ਹੋਵੇ ਏਧਰ ਵੀ ਤੇ ਓਧਰ ਵੀ।

ਜਦ ਠੰਢੀਆਂ ਵਗਣ ਹਵਾਵਾਂ ਮੁਹੱਬਤਾਂ ਦੀਆਂ,
ਠੰਢੇ ਬੁੱਲੇ ਆਵਣ ਏਧਰ ਵੀ ਤੇ ਓਧਰ ਵੀ।

ਜਦ ਵਿੱਛੜਿਆਂ ਨੂੰ ਮਿਲਾਉਣ ਵਾਲ਼ੀਆਂ ਰੇਲਾਂ, ਬੱਸਾਂ ਚੱਲਣ,
ਉਹਨਾਂ ਦੀ ਘੂਕਰ ਆਵੇ ਏਧਰ ਵੀ ਤੇ ਓਧਰ ਵੀ।

ਜਦ ਸੂਰਜ ਆਵੇ-ਜਾਵੇ ਚੜ੍ਹਦੇ-ਲਹਿੰਦੇ,
ਰੁੱਖਾਂ ਦੇ ਪਰਛਾਵੇਂ ਜਾਵਣ ਏਧਰ ਵੀ ਤੇ ਓਧਰ ਵੀ।
ਜਦ ਅਜ਼ਾਦ ਪੰਛੀ ਉੱਡਣ ਵਿੱਚ ਅਸਮਾਨ ਦੇ,
ਤਾਂ ਉਹ ਗੇੜੇ ਲਾਵਣ ਏਧਰ ਵੀ ਤੇ ਓਧਰ ਵੀ।

ਜਦ ਪੁਰਾ ਤੇ ਪੱਛੋਂ ਸਾਂਝੇ ਵਗ ਜਾਵਣ
ਤਾਂ ਮੀਂਹ ਵਰ੍ਹੇ ਏਧਰ ਵੀ ਤੇ ਓਧਰ ਵੀ।
ਜਦ ਚੱਲਣ ਰੇਡੀਓ ਤੇ ਗੀਤ
ਆਲਮ, ਯਮਲੇ, ਸੁਰਿੰਦਰ, ਨੂਰਾਂ ਦੇ
ਤਾਂ ਫਿਰ ਮਿੱਠੀਆਂ ਅਵਾਜ਼ਾਂ ਗੂੰਜਣ ਏਧਰ ਵੀ ਤੇ ਓਧਰ ਵੀ।

ਜਦ ਕਰਨ ਦਰਸ਼ਨ ਲੋਕੀਂ
ਅਜਮੇਰ ਸ਼ਰੀਫ਼, ਨਨਕਾਣੇ ਦੇ
ਤਾਂ ਫਿਰ ਸਿਜਦੇ ਹੋਵਣ ਏਧਰ ਵੀ ਤੇ ਓਧਰ ਵੀ।
ਜਦ ਖ਼ਬਰਾਂ ਆਵਣ ਲਹੌਰੋਂ ਮੌਸਮ ਖ਼ਰਾਬ ਦੀਆਂ
ਤਾਂ ਫਿਰ ਦਾਣਾ-ਫੱਕਾ, ਚੁੱਲ੍ਹਾਂ-ਚੌਂਕਾ,
ਪਾਥੀਆਂ ਸਾਂਭਣ ਏਧਰ ਵੀ ਤੇ ਓਧਰ ਵੀ।

ਜਦ ਰੀ-ਟਰੀਟ ਹੋਵੇ ਵਾਹਗਾ ਅਟਾਰੀ ਸਰਹੱਦ ਉੱਤੇ
ਤਾਂ ਲੋਕੀਂ ਵੇਖਣ 'ਗੁਰਜਿੰਦਰ' ਏਧਰ ਵੀ ਤੇ ਓਧਰ ਵੀ

# ਸੁਖਦੇਵ ਸਿੰਘ ਸਾਬੀ

**# 8054823608**



ਸੁਖਦੇਵ ਸਿੰਘ ਸਾਬੀ ਦਾ ਜਨਮ 18.9.1982 ਨੂੰ ਸਰਹੱਦੀ ਪਿੰਡ ਵਲਟੋਹਾ, ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿਖੇ ਪਿਤਾ ਸ੍ਰ. ਜਸਵਿੰਦਰ ਸਿੰਘ ਦੇ ਘਰ ਮਾਤਾ ਸ੍ਰੀ ਮਤੀ ਜਸਬੀਰ ਕੌਰ ਦੀ ਕੁਖੋਂ ਹੋਇਆ। ਉਹਨੇ ਪਿੰਡ ਦੇ ਸਕੂਲ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਉਪ੍ਰੰਤ ਬੀ.ਏ. ਬੀ.ਐਡ. ਪਾਸ ਕਰਕੇ ਨੰਨ੍ਹੇ-ਮੁੰਨੇ ਬੱਚਿਆਂ ਦਾ ਭਵਿੱਖ ਸਿਰਜਣ ਦਾ ਸੁਪਨਾ ਲਿਆ ਸੀ ਪਰ ਹਾਲਾਤਾਂ ਦੀਆਂ ਕਰੂਰ ਸਖ਼ਤੀਆਂ ਦੇ ਸਨਮੁਖ ਉਹ ਆਪਣਾ ਸੁਪਨਾ ਸੱਚ ਨਾ ਕਰ ਸਕਿਆ ਤੇ ਰੋਟੀ-ਰੋਜ਼ੀ ਦੇ ਪ੍ਰਬੰਧ ਹਿੱਤ ਅਕਾਊਂਟੈਂਸੀ ਦਾ ਪੇਸ਼ਾ ਅਪਨਾ ਲਿਆ। ਉਸ ਨੂੰ ਸਾਹਿਤ ਜਾਂ ਕਿਤਾਬਾਂ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੀ। ਬਾਅਦ ਵਿੱਚ ਇਹ ਸ਼ੌਕ ਕਵਿਤਾਵਾਂ ਤੇ ਗੀਤ ਲਿਖਣ ਵੱਲ ਲੈ ਗਿਆ। ਉਸ ਨੇ ਬਹੁਤ ਸਾਰੀਆਂ ਕਵਿਤਾਵਾਂ ਤੇ ਗੀਤ ਰਚੇ। ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ ਨਾਲ ਜੁੜਿਆ ਹੋਇਆ ਹੈ ਅਤੇ ਸਾਹਿਤ ਸਭਾ ਵੱਲੋਂ ਕੀਤੇ ਜਾਂਦੇ ਕਵੀ-ਦਰਬਾਰਾਂ ਵਿੱਚ ਆਪਣੀਆਂ ਰਚਨਾਵਾਂ ਪੇਸ਼ ਕਰਦਾ ਹੈ। ਪ੍ਰਕਾਸ਼ਨ ਦੇ ਭਾਰੀ ਖ਼ਰਚਿਆਂ ਬਾਰੇ ਸੋਚਦਿਆਂ ਉਹ ਆਪਣੀਆਂ ਰਚਨਾਵਾਂ ਛਪਵਾਉਣ ਦੇ ਖਲਜੱਗਣ ਵਿੱਚ ਨਹੀਂ ਪਿਆ।

ਸ੍ਰੀ ਮਤੀ ਕੁਲਵਿੰਦਰ ਕੌਰ ਉਸ ਦੀ ਪਤਨੀ ਹੈ ਅਤੇ ਸੁਪਨਦੀਪ ਸਿੰਘ ਤੇ ਮਨਮੀਤ ਕੌਰ ਨਾਂ ਦੇ ਦੋ ਬੱਚੇ ਹਨ। ਇਸ ਵੇਲ਼ੇ ਪਿੰਡ ਵਲਟੋਹੇ ਵਿੱਚ ਹੀ ਉਹ ਆਪਣੀ ਗ੍ਰਹਿਸਥੀ ਚਲਾ ਰਿਹਾ ਹੈ।

**ਜ. ਸ. ਮਾਣੋਚਾਹਲ**

ਪੇਸ਼ ਹਨ ਸਾਬੀ ਦੀਆਂ ਕੁਝ ਰਚਨਾਵਾਂ :-

# 1. ਪੈੜਾਂ ਦੇ ਸਫ਼ਰ

ਆਪਣੀ ਬੋਲੀ ਆਪਣਾ ਵਿਰਸਾ, ਜਦ ਕੋਈ ਦੁਹਰਾ ਜਾਂਦਾ,
ਸੱਚਮੁੱਚ ਉਸ ਵਕਤ ਕੋਈ ਜੀਣ ਦਾ ਵੱਲ ਸਿਖਾ ਜਾਂਦਾ।
ਅਰਮਾਨ ਇਹ ਤਦ ਵੀ ਰੁਕਦੇ ਨਾ,
ਸਾਹਿਤਕ ਪੈੜਾਂ ਦੇ ਸਫ਼ਰ ਕਦੇ ਵੀ ਮੁੱਕਦੇ ਨਾ।

ਕਿੱਸੇ-ਕਾਵਿ ਤਾਂ ਸਮੇਂ ਦੇ ਹਾਣੀ ਬਣਦੇ ਰਹੇ,
ਲ਼ੋਕ-ਗਾਥਾਵਾਂ 'ਚ ਸਦਾ ਹੀ ਹਿੱਕਾਂ ਤਣਦੇ ਰਹੇ।
ਤੀਆਂ ਸੰਮੀ ਜਾਗੋ ਦੇ ਨਾਂ ਲੁੱਕਦੇ ਨਾ,
ਸਾਹਿਤਕ ਪੈੜਾਂ ਦੇ..........................

ਬੁੱਲ੍ਹੇ ਸ਼ਾਹ ਤੇ ਵਾਰਸ ਇੱਕੋ ਉਸਤਾਦ ਦੇ ਚੰਡੇ ਸੀ,
ਇੱਕ ਸੂਫ਼ੀ ਤੇ ਦੂਜਾ ਹੀਰ ਦੇ ਰੰਗ ਵਿੱਚ ਗਏ ਰੰਗੇ ਸੀ।
ਜੇਕਰ ਵਿੱਚ ਪੰਜਾਬੀ ਉਹ ਏਨਾ ਧੁਖਦੇ ਨਾ,
ਸਾਹਿਤਕ ਪੈੜਾਂ ਦੇ...............................

ਗੁਰੂਆਂ ਪੀਰਾਂ ਦੀ ਧਰਤੀ ਇਹ ਜਾਣੀ ਜਾਂਦੀ ਹੈ,
ਪੰਜ ਦਰਿਆਵਾਂ ਦੀ ਧਰਤੀ ਦੁੱਖ-ਸੁੱਖ ਮਾਣੀ ਜਾਂਦੀ ਹੈ।
ਵਾਂਗ ਬਹਾਦਰਾਂ ਲੜ ਕੇ ਇਹਦੇ ਜ਼ਖ਼ਮ ਵੀ ਸੁੱਕਦੇ ਨਾ,
ਸਾਹਿਤਕ ਪੈੜਾਂ ਦੇ..................................

ਸੂਰਜ ਵਾਂਗਰ ਚਮਕੇ ਸੋਹਣੇ ਹਰਫ਼ਾਂ ਨਾਲ ਸ਼ਿੰਗਾਰੀ,
ਗੁੜ੍ਹਤੀ ਲੈ ਬਾਬੇ ਨਾਨਕ ਦੀ ਇਹ ਹੋ ਗੀ ਹੋਰ ਨਿਆਰੀ।
ਜੋ ਨਾ ਗੀਤਾਂ ਵਿੱਚ ਪਰੋਏ ਸਾਥੀ, ਸ਼ਬਦ ਉਹ ਢੁੱਕਦੇ ਨਾ,
ਸ਼ਾਹਿਤਕ ਪੈੜਾਂ ਦੇ.............................

------------0-----------

# 2. ਗੀਤ

ਫੁੱਲਾਂ ਨਾਲ ਫੁਲਕਾਰੀ ਸੋਹਣੀ ਲਗਦੀ ਏ,
ਕੋਈ ਵੀ ਚੀਜ਼ ਸ਼ਿੰਗਾਰੀ ਸੋਹਣੀ ਲਗਦੀ ਏ।
ਵਿੱਚ ਘਟਾਵਾਂ ਮੋਰ ਪੈਲਾਂ ਜਦ ਪਾਉਂਦੇ ਨੇ,

ਸਾਵਣ ਰੁੱਤੇ ਸੱਜਣ ਚੇਤੇ ਆਉਂਦੇ ਨੇ,

ਬਿਨ ਰੀਝਾਂ ਦੇ ਚਾਅ ਅਧੂਰੇ ਲਗਦੇ ਨੇ,
ਖ਼ੁਸ਼ੀਆਂ ਦੇ ਦਰਿਆ ਸਦਾ ਹੀ ਵਗਦੇ ਨੇ,
ਵਿੱਚ ਜ਼ਿੰਦਗੀ ਬਣ ਗ਼ੈਰ ਜੋ ਸੀਨੇ ਲਾਉਂਦੇ ਨੇ,
ਸ਼ਾਵਣ ਰੁੱਤੇ ਸੱਜਣ.........................

ਸਾਂਝ ਵਿਚਾਰਾਂ ਦੀ ਜੀਹਦੇ ਨਾਲ਼ ਲੱਗ ਜਾਂਦੀ,
ਉਹਦੇ ਨਾਲ਼ ਤਾਂ ਯਾਰ ਮੁਹੱਬਤ ਵਧ ਜਾਂਦੀ,
ਜੋ ਦਿਲ ਦੇ ਨੇੜੇ ਹੋ ਕੇ ਦਿਲ ਰੁਸ਼ਨਾਉਂਦੇ ਨੇ,
ਸਾਵਣ ਰੁੱਤੇ ਸੱਜਣ......................

ਸਾਬੀ ਵਲਟੋਹੀਆ ਜੋ ਹੰਝੂਆਂ ਸੰਗ ਡੁੱਲ੍ਹਦੇ ਨੇ,
ਹੋਣੇ ਸਾਹਾਂ ਨਾਲੋਂ ਉਹ ਮਹਿੰਗੇ ਮੁੱਲ ਦੇ ਨੇ,
ਬਣ ਪ੍ਰਦੇਸੀ ਜੋ ਸੁਪਨੇ 'ਚ ਆਣ ਜਗਾਉਂਦੇ ਨੇ,
ਸਾਵਣ ਰੁੱਤੇ ਸੱਜਣ...........................

----------0-----------

## 3. ਕਵਿਤਾ

ਆਪਣੇ ਦਿਲ ਵਿੱਚ ਯਾਰੋ ਸਭ ਲਈ ਪਿਆਰ ਹੋਵੇ।
ਮਿਲੇ ਤਰੱਕੀ ਸਭ ਨੂੰ ਐਸਾ ਸੰਸਾਰ ਹੋਵੇ।
ਕਿਸੇ ਦੇ ਦਿਲ ਵਿੱਚ ਨਫ਼ਰਤ ਨਾ ਕੋਈ ਹੰਕਾਰ ਹੋਵੇ।
ਮਿਟ ਜਾਵਣ ਹੱਦਾਂ ਬੰਨੇ, ਨਾ ਕੋਈ ਤਕਰਾਰ ਹੋਵੇ।
ਹਰ ਕੋਈ ਸੁਖੀ ਵੱਸੇ ਐਸੀ ਕੋਈ ਸਰਕਾਰ ਹੋਵੇ।
ਨਿਭੇ ਜੋ ਜ਼ਿੰਦਗੀ ਤਾਈਂ ਐਸਾ ਕੋਈ ਯਾਰ ਹੋਵੇ।
ਸਾਬੀ ਵਲਟੋਹੀਆ ਡਰਦੈ ਰੱਬ ਤੋਂ, ਉਸ ਦਾ ਸ਼ੁਕਰਗੁਜ਼ਾਰ ਹੋਵੇ।
----------0-----------

# ਨੌਜਵਾਨ ਸ਼ਾਇਰ ਅਤੇ ਗੀਤਕਾਰ ਅਮਨ ਚਾਹਲ

#8146044499



ਸਾਡੇ ਨੌਜਵਾਨ ਕਵੀ ਤੇ ਗੀਤਕਾਰ ਅਮਨਪ੍ਰੀਤ ਸਿੰਘ ਉਰਫ਼ 'ਅਮਨ ਚਾਹਲ' ਦਾ ਜਨਮ ਪੰਜਾਬੀ ਕਹਾਣੀਕਾਰ ਅਤੇ ਵਾਰਤਕ-ਕਾਰ ਜਸਵਿੰਦਰ ਸਿੰਘ 'ਮਾਣੋਚਾਹਲ' ਦੇ ਘਰ ਮਾਤਾ ਸ੍ਰੀਮਤੀ ਬਲਜੀਤ ਕੌਰ ਦੀ ਕੁਖੋਂ 23.02.1984 ਨੂੰ ਪਿੰਡ ਮਾਣੋਚਾਹਲ ਕਲਾਂ ਜ਼ਿਲ੍ਹਾ ਤਾਰਨਤਾਰਨ ਵਿਚ ਹੋਇਆ। ਸੰਨ 1984 ਪੰਜਾਬ ਦੇ ਇਤਿਹਾਸ ਵਿਚ ਨਾ-ਭੁੱਲਣਯੋਗ ਸਾਲ ਹੈ ਤੇ ਇਸ ਸਮੇਂ ਪੰਜਾਬ ਦੇ ਹਾਲਾਤ ਬੜੇ ਖ਼ਰਾਬ ਸਨ। ਹਰ ਪਾਸੇ ਸਰਕਾਰੀ ਤੇ ਗੈਰ-ਸਰਕਾਰੀ ਦਹਿਸ਼ਤ ਦਾ ਬੋਲਬਾਲਾ ਸੀ। ਇਸ ਕਾਰਨ ਮਾਂ-ਬਾਪ ਨੇ ਆਪਣੇ ਸੂਬੇ ਵਿੱਚ ਅਮਨ-ਸ਼ਾਂਤੀ ਪਰਤ ਆਉਣ ਦੀ ਆਸ ਨਾਲ ਆਪਣੇ ਨਵ-ਜਨਮੇ ਪੁੱਤਰ ਦਾ ਨਾਂ ਅਮਨਪ੍ਰੀਤ ਰੱਖਿਆ ਸੀ ਪਰ ਮੰਦੇ ਭਾਗਾਂ ਨੂੰ ਉਸ ਦੇ ਜਨਮ ਤੋਂ ਸਾਢੇ ਤਿੰਨ ਮਹੀਨੇ ਬਾਅਦ ਅਣਹੋਣੀ ਵਾਪਰ ਗਈ ਤੇ ਪਿਆਰੇ ਪੰਜਾਬ ਵਿਚੋਂ ਸ਼ਾਂਤੀ ਪਰਵਾਸ ਕਰ ਗਈ। ਹਾਲਾਤ ਬਹੁਤੇ ਖ਼ਰਾਬ ਹੋ ਜਾਣ ਕਾਰਨ ਮਾਂ-ਬਾਪ ਨੂੰ ਪਿੰਡ ਛੱਡ ਕੇ ਰਿਹਾਇਸ਼ ਤਰਨਤਾਰਨ ਸ਼ਹਿਰ ਵਿਚ ਕਰਨੀ ਪਈ। ਇਸ ਕਾਰਨ ਅਮਨਪ੍ਰੀਤ ਨੇ ਮੁਢਲੀ ਪੜ੍ਹਾਈ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਪਬਲਿਕ ਸਕੂਲ ਤਰਨਤਾਰਨ ਤੋਂ, ਅਠਵੀਂ ਸਰਕਾਰੀ ਮਿਡਲ ਸਕੂਲ ਬੁੱਘਾ ਤੋਂ, ਦਸਵੀਂ ਐਸ.ਡੀ. ਹਾਇਰ ਸੈਕੰਡਰੀ ਸਕੂਲ ਤੋਂ, ਬਾਰ੍ਹਵੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੰਡੀ ਵਾਲ਼ਾ) ਤਰਨਤਾਰਨ ਤੋਂ ਅਤੇ ਗਰੈਜੂਏਸ਼ਨ ਸ੍ਰੀ ਗੁਰੂ ਅਰਜਨ ਦੇਵ ਕਾਲਜ ਤਰਨਤਾਰਨ ਤੋਂ ਪਾਸ ਕੀਤੀ। ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਤੋਂ ਬੀ.ਐੱਡ. ਕਰਕੇ ਸਰਕਾਰੀ ਆਯੁਰਵੈਦਿਕ ਕਾਲਜ ਪਟਿਆਲ਼ਾ ਤੋਂ ਡਿਪਲੋਮਾ ਇਨ ਆਯੁਰਵੈਦਿਕ ਫ਼ਾਰਮੇਸੀ (ਉੱਪਵੈਦ) ਪਾਸ ਕੀਤਾ। ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਵਿੱਚੋਂ ਹੀ ਅਮਨ ਚਾਹਲ ਨੇ ਕਵਿਤਾ ਲਿਖਣੀ ਤੇ ਸਟੇਜ ਤੇ ਬੋਲਣੀ ਸਿੱਖੀ। ਇਸ ਵੇਲੇ ਉਹ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਮਾਣੋਚਾਹਲ ਕਲਾਂ ਵਿਖੇ ਬਤੌਰ ਉੱਪਵੈਦ ਤਾਇਨਾਤ

ਹੈ।

ਉਹ ਸ਼ਾਦੀ-ਸ਼ੁਦਾ ਹੈ। ਪਤਨੀ ਦਾ ਨਾਂ ਗੁਰਪਿੰਦਰ ਕੌਰ ਅਤੇ ਦੋ ਬੇਟੇ ਹਨ – ਗੁਰਨਾਜ ਸਿੰਘ ਤੇ ਗੁਰਅਜੀਜ ਸਿੰਘ। ਸਾਹਿਤ ਸਭਾ ਦੇ ਪ੍ਰੋਗਰਾਮ ਵਿੱਚ ਉਹ ਬਹੁਤ ਘੱਟ ਹਾਜ਼ਰੀ ਭਰਦਾ ਹੈ। ਉਹਨੇ 100 ਤੋਂ ਵੱਧ ਕਵਿਤਾਵਾਂ ਲਿਖੀਆਂ ਹਨ ਅਤੇ ਜਲਦੀ ਹੀ ਪੁਸਤਕ ਛਪਵਾ ਕੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਕਰਨ ਜਾ ਰਿਹਾ ਹੈ। ਉਸ ਦੀਆਂ ਕਵਿਤਾਵਾਂ ਕਦੇ ਕਦੇ ਅਖ਼ਬਾਰਾਂ ਵਿੱਚ ਵੀ ਛਪਦੀਆਂ ਹਨ। 'ਕਲਮਾਂ ਦੇ ਸਿਰਨਾਵੇਂ' ਨਾਂ ਦੇ ਸਾਂਝੇ ਕਾਵਿ-ਸੰਗ੍ਰਹਿ ਵਿੱਚ ਉਹਦੀਆਂ 5 ਕਵਿਤਾਵਾਂ ਛਪ ਚੁੱਕੀਆਂ ਹਨ। ਉਹਦੇ ਲਿਖੇ ਕੁਝ ਗੀਤ ਕਲਾਕਾਰਾਂ ਵੱਲੋਂ ਸਟੇਜ ਤੇ ਵੀ ਗਾਏ ਗਏ ਹਨ ਅਤੇ ਐਲਬਮਾਂ ਰਾਹੀਂ ਯੂ-ਟਿਊਬ ਤੇ ਵੀ ਪਾਏ ਗਏ ਹਨ। ਵਾਹਿਗੁਰੂ ਉਹਦੀ ਕਲਮ ਨੂੰ ਹੋਰ ਤਾਕਤ ਬਖ਼ਸ਼ੇ ਤਾਂ ਜੋ ਉਹ ਪੰਜਾਬੀ ਮਾਂ-ਬੋਲੀ ਦੀ ਹੋਰ ਸੇਵਾ ਕਰ ਸਕੇ।

**ਜਸਵਿੰਦਰ ਸਿੰਘ ਢਿੱਲੋਂ**

ਪੇਸ਼ ਹਨ ਕੁਝ ਅਮਨ ਚਾਹਲ ਦੀਆਂ ਨਜ਼ਮਾਂ/ਕਵਿਤਾਵਾਂ :-

## 1. ਆਓ ਹਰਫ਼ੋ !

ਆਓ ਹਰਫ਼ੋ! ਸੋਚ ਮੇਰੀ ਨੂੰ ਅੱਜ ਕੋਈ ਰੂਪ ਰੰਗ ਦੇ ਦਿਓ।
ਬਿੰਬਾਂ ਅਲੰਕਾਰਾਂ ਨਾਲ ਸਜਾ ਕੇ ਢੁੱਕਵਾਂ ਕੋਈ ਛੰਦ ਦੇ ਦਿਓ।

ਸ਼ਬਦ ਬਣੋ ਪਹਿਲਾਂ, ਫੇਰ ਸ਼ਬਦੋਂ ਵਾਕ ਬਣ ਜਾਇਓ।
ਗ਼ਜ਼ਲ ਕਵਿਤਾ ਜਾਂ ਨਜ਼ਮ ਨੂੰ ਗੁਣ-ਗੁਣਗੁਣਾਉਣ ਦਾ ਢੰਗ ਦੇ ਦਿਓ।

ਸਾਰਿਆਂ ਦੇ ਮਨ ਨੂੰ ਭਾਵੇ ਰਚਨਾ ਐਸੀ ਲਿਖਤ ਬਣਾ ਦੇਵੋ।
ਛੂਹ ਸਕੇ ਸਾਹਿਤ ਦੀਆਂ ਸ਼ਿਖ਼ਰਾਂ, ਪਰਵਾਜ਼ ਲਈ ਖੰਭ ਦੇ ਦਿਓ।

ਬਦਲ ਜਾਵੇ ਸਫਿਆਂ ਦੀ ਜਿੰਦਗੀ, ਘੁੱਟ ਗਲਵਕੜੀ ਪਾ ਲਵੋ।
ਜੁੜ ਜਾਵਾਂਗਾ ਸ਼ਾਇਰਾਂ ਵਿਚ ਮੈਂ, ਹੌਂਸਲੇ ਤੁਸੀਂ ਬੁਲੰਦ ਦੇ ਦਿਓ।

ਹਮ-ਸਫ਼ਰ ਬਣ ਜਾਵੋ ਮੇਰੇ, ਲੈ ਚਲੋ ਮੰਜ਼ਿਲ ਵੱਲ ਮੈਨੂੰ।
ਅੱਧ ਵਿਚਾਲੇ ਛੱਡਿਓ ਨਾ, ਬੇਸ਼ੱਕ ਲੰਮੇਰਾ ਪੰਧ ਦੇ ਦਿਓ।

ਕਲਮ 'ਚਾਹਲ' ਦੀ ਹਰ ਪਲ ਮੰਗਦੀ, ਹਰਫ਼ਾਂ ਲਈ ਦੁਆਵਾਂ
ਖ਼ੁਦਾਇਆ! ਰਹਿਮਤ ਏਨੀ ਕਰਿਓ! ਜਿਹੜਾ ਪੜ੍ਹੇ ਆਨੰਦ ਦੇ ਦਿਓ

## 2. ਕਰਜ਼

ਇਕ ਧਰਤੀ, ਇਕ ਮਾਂ ਬੋਲੀ,
ਇਕ ਅਮੜੀ ਜਿਹਨੇ ਜਾਇਆ।
ਤਿੰਨਾਂ ਦਾ ਹੀ ਜਗ ਤੇ ਕੋਈ,
ਕਰਜ਼ ਨਹੀਂ ਲਾਹ ਪਾਇਆ।

ਸੂਰਜ ਵਾਂਗੂ ਤਪਦਾ ਕਹਿ ਲੋ,
ਜਾ ਤੁੰਮਿਆਂ ਜਿਹਾ ਕੌੜਾ।
ਬਾਪੂ ਵਾਂਗੂੰ ਜੀਵਨ ਕੀਹਨੇ,
ਬੱਚਿਆਂ ਲਈ ਗਵਾਇਆ?

ਬਿਰਖਾਂ ਵਰਗਾ ਵੱਡਾ ਜੇਰਾ,
ਹੋਰ ਕਿਸੇ ਦਾ ਨਹੀਓਂ।
ਚੁੱਪ ਚਪੀਤੇ ਜਿਹਨਾਂ ਸਿਰ ਤੇ,
ਸਾਰਾ ਸਿਤਮ ਹੰਢਾਇਆ।

ਚਿਹਰੇ ਉੱਤੇ ਚਿਹਰਾ ਚੜ੍ਹਿਆ,
ਜਿਸਨੇ ਵੀ ਹੈ ਪੜ੍ਹਿਆ।
ਭੇਤ ਓਸੇ ਨੇ ਪਾਇਆ, ਕਿਹੜਾ,
ਆਪਣਾ ਕਿਹੜਾ ਪਰਾਇਆ।

ਉਹ ਨਾ ਜਾਣਾ ਬਖਸ਼ਿਆ,
ਬੰਦਿਆ ਕਦੇ ਓਹਦੇ ਦਰਗਾਹੀਂ।
ਜਿਹਨੇ ਬਿਰਧ ਆਸ਼ਰਮ ਆਪਣਾ,
ਮਾਂ ਪਿਓ ਜਾ ਬਿਠਾਇਆ।

ਕੰਜਕਾਂ, ਰੁੱਖ ਤੇ ਪਾਣੀ ਹੁੰਦੇ,
ਬੰਦਿਆਂ ਧਨ ਅਣਮੁੱਲਾ
ਤਿੰਨਾਂ ਦਾ ਨਾ ਕਰੀਂ ਨਿਰਾਦਰ,
ਗੁਰੂਆਂ ਇਹ ਫ਼ਰਮਾਇਆ

ਅਮਨ ਚਾਹਲ ਚਲ ਸਾਂਭੀਏ ਆਪਾਂ,
ਕਾਗਜ਼ ਕਲਮ ਤੇ ਅੱਖਰ

ਜਿਹਨਾਂ ਬਾਝੋਂ ਫਿਰਦਾ ਏ ਮਨ
ਹਰ ਵੇਲੇ ਤਿਰਹਾਇਆ

## 3. ਮੈਂ ਜੋ ਤਾਰੇ ਗਿਣ ਗਿਣ ਰਾਤ ਗੁਜ਼ਾਰੀ ਏ

ਮੈਂ ਜੋ ਤਾਰੇ ਗਿਣ ਗਿਣ ਰਾਤ ਗੁਜ਼ਰੀ ਏ,
ਇਹ ਸਾਰੀ ਤੇਰੀ ਅੱਖ ਦੀ ਕਾਰਗੁਜ਼ਾਰੀ ਏ।

ਮੇਰੇ ਲਈ ਤਾਂ ਓਹ ਪਲ ਜੰਨਤ ਵਰਗੇ ਨੇ,
ਤੂੰ ਜਦੋਂ ਜਦੋਂ ਵੀ ਅੜੀਏ ਝਾਤੀ ਮਾਰੀ ਏ।

ਤੇਰੇ ਹਾਸੇ ਮੇਰੇ ਦਿਲ ਦੇ ਵਿਹੜੇ ਨੱਚਦੇ ਨੇ,
ਝੱਲੇ ਦੀ ਤਾਂ ਤੇਰੇ ਈ ਨਾਲ ਸਰਦਾਰੀ ਏ।

ਵੇਖ ਘਟਾਵਾਂ ਕਾਲੀਆਂ ਚੜ੍ਹਕੇ ਆਈਆਂ ਨੇ,
ਤੂੰ ਜੋ ਮੱਥੇ ਵਾਲੀ ਲਿੱਟ ਸਵਾਰੀ ਏ।

ਘਰੋਂ ਨਿਕਲਦੇ ਕਾਲਾ ਟਿੱਕਾ ਲਾਇਆ ਕਰ,
ਏਨੀ ਕੁ ਤਾਂ ਤੇਰੀ ਬਣਦੀ ਜ਼ਿੰਮੇਵਾਰੀ ਏ।

ਜੇ ਦਿਲ ਨਹੀਂ ਲਾਉਣਾ ਕਾਬੂ ਰੱਖ ਅਦਾਵਾਂ ਨੂੰ,
ਫੇਰ ਕਹੇਂਗੀ ਮੇਰੀ ਹੀ ਗ਼ਲਤੀ ਸਾਰੀ ਏ।

ਸ਼ਾਇਰੀ ਤਾਂ ਬਸ ਇਸ਼ਕ ਤੇਰੇ 'ਚੋਂ ਖੱਟੀ ਏ,
ਪਰ ਲੋਕਾਂ ਦੇ ਤਾਂ ਭਾਅ ਦੀ ਕਲਾਕਾਰੀ ਏ

## 4. ਬਾਪੂ ਤੇਰੀਆਂ ਧੰਨ ਕਮਾਈਆਂ

ਹੱਥੀਂ ਅਟਣ ਪੈਰੀਂ ਬਿਆਈਆਂ,
ਬਾਪੂ ਤੇਰੀਆਂ ਧੰਨ ਕਮਾਈਆਂ।

ਭਾਵੇਂ ਤੇਰੀ ਜੇਬ ਨਾ ਧੇਲਾ,
ਸਾਨੂੰ ਕਦੇ ਨਾ ਤੰਗੀਆਂ ਆਈਆਂ।

ਕਣਕਾਂ ਵੱਢੀਆਂ ਟੋਕੇ ਗੇੜੇ,

ਮਿਹਨਤ ਕੀਤੀ ਪੈਲ਼ੀਆਂ ਵਾਹੀਆਂ।

ਸਕੂਲੋਂ ਕਾਲਜੋਂ ਡਿਗਰੀਆਂ ਲਈਆਂ,
ਤੈਥੋਂ ਪੜ੍ਹੀਆਂ ਅਸਲ ਪੜ੍ਹਾਈਆਂ।

ਮਾਂ ਨੂੰ ਕਿੰਝ ਕਰਾਂ ਅਣਗੌਲੇ,
ਕੀਤੀਆਂ ਸਾਡੇ ਲਈ ਸਲਾਈਆ।

ਸੁੱਖ ਦੀ ਨੀਂਦਰ ਸੌਂਦੇ ਤਾਂ ਸੀ,
ਤੁਸਾਂ ਨੀਂਦਰਾਂ ਆਪ ਗਵਾਈਆਂ।

ਰੱਬਾ ਲੰਬੀਆਂ ਉਮਰਾਂ ਬਖ਼ਸ਼ੀਂ,
ਮਾਪੇ ਹੁੰਦਿਆਂ ਬੇਪਰਵਾਹੀਆਂ।

## 5. ਤਹਾਨੂੰ ਕੋਈ ਫ਼ਰਕ ਨਹੀਂ ਪੈਂਦਾ

ਮੈਂ ਕਿੰਨੀਆਂ ਤੰਗੀਆਂ ਹੰਢਾਈਆਂ,
ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ।
ਤੁਹਾਡੇ ਲਈ ਪਾਟੀਆਂ ਬਿਆਈਆਂ,
ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ।

ਸੀਅ ਕੇ ਪਾ ਲਿਆ ਪਾਟਾ ਝੱਗਾ,
ਟੌਹਰ ਕਦੇ ਮੈਂ ਕੱਢਿਆ ਨਹੀਂ।
ਪਰ ਤਾਹਨੂੰ ਐਸ਼ਾਂ ਨਿਤ ਕਰਾਈਆਂ,
ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ।

ਮਿੱਟੀ ਦੇ ਨਾਲ ਮਿੱਟੀ ਹੋ ਕੇ,
ਕੱਚੇ ਕੋਠੇ ਪੱਕੇ ਕਰਤੇ।
ਆਪਣੀਆਂ ਪੀੜਾਂ ਸਦਾ ਲੁਕਾਈਆਂ,
ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ।

ਹੌਲੀ-ਹੌਲੀ ਮੰਜਾ ਮੇਰਾ,
ਆ ਗਿਆ ਬਾਹਰ ਡਿਓੜੀ ਵਿੱਚ।
ਅਕਲਾਂ ਕਿਹੜੇ ਖੂੰਜੇ ਲਾਈਆਂ,
ਤੁਹਾਨੂੰ ਕੋਈ ਫ਼ਰਕ ਨਹੀਂ ਪੈਂਦਾ।

ਜਿਹੋ ਜਿਹੀ ਮਿਲਦੀ ਖਾ ਲੈਨਾਂ ਵਾਂ,
ਘੜੇ 'ਚੋਂ ਪਾਣੀ ਪੀ ਲੈਨਾਂ ਵਾਂ।
ਰਹਿ ਗਿਆ ਹੁਣ ਬੱਸ ਸਾਲ ਛਿਮਾਹੀਆਂ,
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ।

ਖਵਰੇ ਫ਼ਰਕ ਪਵੇ ਮੇਰੇ ਪਿੱਛੋਂ,
ਰੜਕੀ ਮੇਰੀ ਘਾਟ ਜਦੋਂ।
ਸੁਣਨੀਆਂ ਓਦੋਂ ਕਿੰਨੇ ਸਫ਼ਾਈਆਂ,
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ।

# ਰੂਹਾਂ ਦੀ ਸਾਂਝ ਪਾਉਣ ਵਾਲ਼ਾ ਕਵੀ ਜਸਵਿੰਦਰ ਝਬਾਲ

**# 8427088811**

ਜਸਵਿੰਦਰ ਝਬਾਲ ਪਹਿਲੀ ਵਾਰ ਮੈਨੂੰ ਉਦੋਂ ਮਿਲਿਆ ਸੀ ਜਦੋਂ ਉਹ ਮੇਰੇ ਬੇਟੇ ਅਮਨ ਨੂੰ ਆਪਣੀ ਸੱਜਰੀ ਛਪੀ ਕਾਵਿ-ਪੁਸਤਕ 'ਸਾਂਝ ਰੂਹਾਂ ਦੀ' ਦੇਣ ਲਈ ਘਰ ਆਇਆ ਸੀ। ਉਹ ਮੇਰੇ ਬੇਟੇ ਦਾ ਜਮਾਤੀ ਰਿਹਾ ਹੈ। ਰੂਹਾਂ ਦੀ ਸਾਂਝ ਪਾਉਣ ਵਾਲ਼ੇ ਇਸ ਨੌਜਵਾਨ ਪੰਜਾਬੀ ਕਵੀ ਨੂੰ ਮਿਲ ਕੇ ਮੈਨੂੰ ਅੰਤਾਂ ਦੀ ਖ਼ੁਸ਼ੀ ਹੋਈ। ਪੁਸਤਕ ਭੇਟ ਕਰਦਿਆਂ ਉਹਨੇ ਮੈਨੂੰ ਲੋਕ-ਅਰਪਣ ਸਮਾਗਮ ਤੇ ਆਉਣ ਤੇ ਪੁਸਤਕ ਬਾਰੇ ਸਰੋਤਿਆਂ ਨੂੰ ਜਾਣ-ਪਛਾਣ ਕਰਾਉਣ ਲਈ ਕੁਝ ਬੋਲਣ ਦੀ ਵੀ ਤਾਕੀਦ ਕੀਤੀ। ਖ਼ੈਰ ਲਾਇਬਰੇਰੀ ਝਬਾਲ ਦੇ ਹਾਲ਼ ਵਿੱਚ ਇਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਇਹ ਪੁਸਤਕ ਲੋਕ-ਅਰਪਣ ਕੀਤੀ ਗਈ। ਬੁਲਾਰਿਆਂ ਨੇ ਜਸਵਿੰਦਰ ਝਬਾਲ ਦੀ ਕਾਵਿ ਕਲਾ ਤੇ ਸਮਾਜਕ-ਆਰਥਕ ਦਸ਼ਾ ਬਾਰੇ ਬੇਬਾਕ ਪ੍ਰਗਟਾਵੇ ਦੀਆਂ ਸਿਫ਼ਤਾਂ ਕੀਤੀਆਂ। ਮੈਂ ਵੀ ਸਰਹੱਦੀ ਕਸਬੇ ਦੇ ਇਸ ਫ਼ਰਜ਼ੰਦ ਦੀਆਂ ਚੇਤਨਾ ਦੇ ਪਹੁ-ਫੁਟਾਲੇ ਨਾਲ ਲਬਰੇਜ਼ ਕਵਿਤਾਵਾਂ ਬਾਰੇ ਗੱਲ ਕਰਦਿਆਂ ਸਰੋਤਿਆਂ ਨੂੰ ਪੁਸਤਕ ਬਾਰੇ ਜਾਣਕਾਰੀ ਦਿੱਤੀ।



ਸਰਹੱਦੀ ਪਿੰਡ ਝਬਾਲ ਦੇ ਵਿਹੜੇ 'ਚ ਖਿੜਿਆ ਇਹ ਗੁਲਾਬ 25 ਫਰਵਰੀ 1985 ਨੂੰ ਪਿਤਾ ਸ੍ਰ. ਮੰਗਲ ਸਿੰਘ ਅਤੇ ਮਾਤਾ ਸਰਬਜੀਤ ਕੌਰ ਦੇ ਘਰ ਦੀ ਰੌਣਕ ਬਣਿਆ। ਬਾਰ੍ਹਵੀਂ ਤੱਕ ਦੀ ਪੜ੍ਹਾਈ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਬੀੜ ਬਾਬਾ ਬੁੱਢਾ ਸਾਹਿਬ ਤੋਂ ਕਰਕੇ ਬੀ.ਏ. ਬਾਬਾ ਬੁੱਢਾ ਕਾਲਜ ਬੀੜ ਸਾਹਿਬ ਤੋਂ ਕੀਤੀ। ਕਾਲਜ ਆਫ ਐਜੂਕੇਸ਼ਨ ਖਡੂਰ ਸਾਹਿਬ ਤੋਂ ਬੀ.ਐੱਡ ਅਤੇ ਖ਼ਾਲਸਾ ਕਾਲਜ ਸਰਹਾਲ਼ੀ ਤੋਂ ਐਮ.ਐਸ.ਸੀ. (ਕੰਪਿਊਟਰ ਸਾਇੰਸ) ਪਾਸ ਕੀਤੀ। ਇਸ ਤੋਂ ਬਾਅਦ ਵੀ ਉਹਨੇ ਪੜ੍ਹਾਈ ਜਾਰੀ ਰੱਖੀ ਤੇ ਪ੍ਰਾਈਵੇਟ ਤੌਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. ਪੰਜਾਬੀ ਤੇ ਅਰਥ-ਸਾਸ਼ਤਰ ਪਾਸ ਕੀਤੀ। 8 ਨਵੰਬਰ 2016 ਨੂੰ ਪੰਜਾਬੀ ਮਾਸਟਰ ਵਜੋਂ ਉਸ ਨੂੰ ਸਰਕਾਰੀ ਨੌਕਰੀ ਮਿਲ

ਗਈ। ਇਸ ਵੇਲ਼ੇ ਉਹ ਪੰਜਾਬੀ ਮਾਸਟਰ ਵਜੋਂ ਸਰਕਾਰੀ ਸਕੂਲ ਵਿਖੇ ਤਾਇਨਾਤ ਹੈ ਤੇ ਨੰਨ੍ਹੇ ਮੁੰਨ੍ਹੇ ਬੱਚਿਆਂ ਨੂੰ ਮਾਤ-ਭਾਸ਼ਾ ਪੰਜਾਬੀ ਦੀਆਂ ਲੋਰੀਆਂ ਦੇਂਦਾ ਹੈ।

ਉਸ ਨੇ ਆਪਣੀ ਵਿਆਹੁਤਾ ਜ਼ਿੰਦਗੀ ਸ੍ਰੀਮਤੀ ਮਨਦੀਪ ਕੌਰ ਨਾਲ ਸ਼ਾਦੀ ਕਰਨ ਉਪਰੰਤ ਸ਼ੁਰੂ ਕੀਤੀ ਅਤੇ ਸੁਖਮਨ ਕੌਰ ਤੇ ਸਿਮਰਤ ਕੌਰ ਨਾਂ ਦੀਆਂ ਦੋ ਪਿਆਰੀਆਂ ਧੀਆਂ ਦਾ ਬਾਪ ਹੋਣ ਦਾ ਮਾਣ ਮਹਿਸੂਸ ਕੀਤਾ। ਇਸ ਵੇਲ਼ੇ ਉਹ ਆਪਣੇ ਹੱਸਦੇ ਵੱਸਦੇ ਪਰਿਵਾਰ ਨਾਲ਼ ਪਿੰਡ ਝਬਾਲ (ਬਘੇਲ ਸਿੰਘ ਵਾਲ਼ਾ) ਵਿਖੇ ਰਹਿੰਦਾ ਹੈ।

ਸਾਹਿਤਕ ਵਿਹੜੇ ਵਿੱਚ ਉਹ ਕਵਿਤਾ ਲਿਖ ਕੇ ਆਪਣਾ ਯੋਗਦਾਨ ਪਾ ਰਿਹਾ ਹੈ। ਉਸ ਦੀ ਉਕਤ ਵਰਨਣ ਪੁਸਤਕ 'ਸਾਂਝ ਰੂਹਾਂ ਦੀ' ਪੰਜਾਬੀ ਪਾਠਕਾਂ ਦੇ ਹੱਥਾਂ 'ਚ ਪਹੁੰਚ ਚੁੱਕੀ ਹੈ। ਕਦੇ ਕਦਾਈਂ ਉਹਦੀਆਂ ਰਚਨਾਵਾਂ ਕਾਵਿ ਲੋਕ ਤੇ ਸਤਰੰਗੀ ਮੈਗਜ਼ੀਨਾਂ ਵਿੱਚ ਛਪਦੀਆਂ ਰਹਿੰਦੀਆਂ ਹਨ।

**ਜ. ਸ. ਮਾਣੋਚਾਹਲ**

ਜਸਵਿੰਦਰ ਝਬਾਲ ਦੀ ਕਵਿਤਾ ਦੇ ਰੰਗ :-

# 1. ਅੱਖਰ ਪੰਜਾਬੀ ਦੇ

ਸਦਾ ਗੀਤ ਚੜ੍ਹਦੀ ਕਲਾ ਦੇ ਗਾਵਣ ਅੱਖਰ ਪੰਜਾਬੀ ਦੇ।
ਜ਼ਾਲਮਾਂ ਦੀ ਅੱਖ ਵਿੱਚ ਅੱਖ ਪਾਵਣ ਅੱਖਰ ਪੰਜਾਬੀ ਦੇ।
ਪੌੜੀ ਇਸ਼ਕ ਹਕੀਕੀ ਦੀ ਹੁਸੈਨ, ਬਾਹੂ ਤੇ ਬਾਬੇ ਬੁੱਲ੍ਹੇ ਲਈ,
ਇਸ਼ਕ ਮਜਾਜ਼ੀ ਹੀਰ ਵਾਰਿਸ ਗਾਵਣ ਅੱਖਰ ਪੰਜਾਬੀ ਦੇ।

ਚਰਖੜੀਆਂ, ਆਰੇ, ਰੰਬੇ, ਦੇਗਾਂ, ਨੀਹਾਂ ਤੇ ਤੱਤੀ ਤਵੀ,
ਸਾਂਝਾਂ ਸਰਸਾ ਤੇ ਗੜ੍ਹੀ ਨਾਲ਼ ਪਾਵਣ ਅੱਖਰ ਪੰਜਾਬੀ ਦੇ।
ਜੰਮੇਂ ਪੰਜ ਆਬ ਦੇ ਲੜ ਜਾਣ ਸਵਾ ਲੱਖ ਨਾਲ 'ਕੱਲ੍ਹੇ,
ਰਸ ਵੀਰਤਾ ਵਾਰ ਚੰਡੀ ਦੀ ਗਾਵਣ, ਅੱਖਰ ਪੰਜਾਬੀ ਦੇ।

ਬਣ ਬੂੰਦਾਂ ਸ਼ਹਿਦ ਦੀਆਂ ਵੱਸ ਜਾਂਦੇ ਨੇ ਸੀਨੇ ਸੱਜਣਾਂ ਦੇ,
ਪਰ ਦੁਸ਼ਮਣ ਦੇ ਸੀਨੇ ਅੱਗ ਲਾਵਣ, ਅੱਖਰ ਪੰਜਾਬੀ ਦੇ।
ਇਨਕਾਰ ਨਹੀਂ ਜੇ ਕੋਈ ਮੰਗੇ ਜਾਨ ਵੀ ਨਾਲ਼ ਪਿਆਰ ਦੇ,
ਹੰਕਾਰੀ ਹੈਂਕੜ ਨੂੰ ਔਕਾਤ ਦਿਖਾਵਣ, ਅੱਖਰ ਪੰਜਾਬੀ ਦੇ।

ਨਫ਼ਰਤ ਨੇ ਵੰਡ ਦਿੱਤੀ ਬੇਸ਼ੱਕ ਸੋਹਣੀ ਧਰਤ ਪੰਜਾਬ ਦੀ,
ਪਰ ਸਰਹੱਦ ਪਾਰ ਸਾਂਝ ਨਿਭਾਵਣ, ਅੱਖਰ ਪੰਜਾਬੀ ਦੇ ।
ਉਂਝ ਵੱਸਦੇ ਨੇ ਸਮੁੰਦਰਾਂ ਦੇ ਪਾਰ ਵੀ ਅੱਜ ਕੱਲ੍ਹ ਝਬਾਲ,
ਪਰ ਘਰ ਆਪਣੇ ਬੇ-ਰੁਖ਼ੀ ਹੰਢਾਵਣ, ਅੱਖਰ ਪੰਜਾਬੀ ਦੇ ।

-----0------

## 2. ਗ਼ਜ਼ਲ

ਕਦੇ ਖ਼ੁਦਾ ਲਿਖਿਆ ਕਦੇ ਖ਼ੁਦਾਈ ਲਿਖੀ,
ਕਦੇ ਮਹਿਫ਼ਲ ਤੇ ਕਦੇ ਤਨਹਾਈ ਲਿਖੀ ।

ਹਰਫ਼ਾਂ ਵਿੱਚ ਨਾ ਲਿਖ ਹੋਈ ਸਾਂਝ ਰੂਹਾਂ ਦੀ,
ਕਦੇ ਮੇਲ ਲਿਖਿਆ ਕਦੇ ਜੁਦਾਈ ਲਿਖੀ ।

ਕਦੇ ਮਲ੍ਹਮ ਕਦੇ ਪੀੜ ਰੂਹ ਦੇ ਜਖ਼ਮਾਂ ਦੀ,
ਕਦੇ ਵਜ੍ਹਾ ਲਿਖਿਆ ਕਦੇ ਦਵਾਈ ਲਿਖੀ ।

ਕਦੇ ਸਾਦਗੀ ਤੇ ਨੂਰ ਇਲਾਹੀ ਚਿਹਰੇ ਦਾ,
ਬਿਨਾਂ ਕੀਤੇ ਮੁਹੱਬਤ ਤੂੰ ਜੋ ਨਿਭਾਈ ਲਿਖੀ ।

ਤੈਨੂੰ ਲਿਖਾਂ ਬਹਾਰ ਕਦੇ ਅਰਸ਼ੀ ਤਾਰਾ,
ਔਕਾਤ ਖ਼ੁਦ ਆਪਣੀ ਪਤਝੜ ਜਾਈ ਲਿਖੀ ।

ਕਦੇ ਲਿਖੇ ਨਾ ਹੰਝੂ, ਹਉਕੇ ਤੇ ਸਿਸਕੀਆਂ,
ਪਰ ਅੱਖ ਇਬਾਦਤ ’ਚ ਭਰ ਆਈ ਲਿਖੀ ।

ਜਦ ਵੀ ਚੇਤੇ ਆਇਆਂ ਸੱਜਣਾ ਝਬਾਲ ਨੂੰ,
ਕਦੇ ਗੀਤ, ਗ਼ਜ਼ਲ ਤੇ ਕਦੇ ਰੁਬਾਈ ਲਿਖੀ ।

- - - - - 0 - - - - -

## 3. ਅਜ਼ਾਦ ਭਾਰਤ

ਉਜਾੜ ਦਿੱਤਾ ਦੇਸ਼ ਪੰਜਾਬ ਸੋਹਣਾ ਵੰਡ ਨੇ,
ਔਖਾ ਝੱਲਣਾ ਚੀਸਾਂ ਪੀੜ੍ਹਾਂ ਸਹਾਰੀਆਂ ਨੂੰ ।

ਮਹਾਨਤਾ ਭਾਰਤ ਦੀ ਲੀਰੋ ਲੀਰ ਹੋ ਗਈ,
ਜਦੋਂ ਮਿਲ਼ੀ ਕੁਰਸੀ ਕਾਤਲ ਜੁਆਰੀਆਂ ਨੂੰ ।

ਘੱਟ ਗਿਣਤੀ ਨਾਲ਼ ਆਏ ਦਿਨ ਹੁੰਦਾ ਧੱਕਾ,
ਜੋ ਹੱਕ ਲਈ ਲੜਨ ਝੱਲਣ ਖ਼ੁਆਰੀਆਂ ਨੂੰ ।

ਨਾ ਭੁੱਲਣ ਖ਼ਿਤਾਬ ਅੱਤਵਾਦ ਤੇ ਵੱਖਵਾਦ ਦੇ,
ਤੇ ਝੂਠੇ ਮੁਕਾਬਲਿਆਂ ਦੀਆਂ ਦੁਸ਼ਵਾਰੀਆਂ ਨੂੰ ।

ਝੂਠੇ ਰਾਸ਼ਟਰਵਾਦ ਦੇ ਨਾਂ ਤੇ ਖੋਹੇ ਹੱਕ ਰਾਜਾਂ ਦੇ,
ਮਧੋਲ ਦਿੱਤਾ ਸੰਵਿਧਾਨਕ ਦਾਅਵੇਦਾਰੀਆਂ ਨੂੰ ।

ਕਹਿਣ ਲਈ ਤਾਂ ਬਣਦੇ ਨੇ ਮਸੀਹੇ ਗ਼ਰੀਬਾਂ ਦੇ,
ਲੋਕਾਂ ਨੂੰ ਲੁੱਟ ਕੇ ਰਜਾਉਂਦੇ ਕਾਰੋਬਾਰੀਆਂ ਨੂੰ ।

ਸਜ਼ਾਵਾਂ ਕਰ ਪੂਰੀਆਂ ਵੀ ਡੱਕੇ ਸ਼ੇਰ ਜੇਲ੍ਹਾਂ ਅੰਦਰ,
ਪਰ ਮਿਲੀ ਮੁਆਫ਼ੀ ਸਜ਼ਾਵਾਂ ਦੀ ਬਦਕਾਰੀਆਂ ਨੂੰ ।

ਲੋਕਤੰਤਰ ਕਰ ਗਿਆ ਖ਼ੁਦਕਸ਼ੀ ਫਾਹਾ ਲੈ ਕੇ,
ਜਦੋਂ ਪਏ ਹਾਰ ਬਾਨੋ ਦੇ ਬਲਾਤਕਾਰੀਆਂ ਨੂੰ ।

ਲੰਘ ਗਈ ਪੌਣੀ ਸਦੀ ਮਨਾਉਂਦੇ ਦਿਨ ਅਜ਼ਾਦੀ ਦਾ,
ਪਰ ਮਿਲੀ ਏ ਮੌਤ ਸੱਚ ਦੀਆਂ ਪਹਿਰੇਦਾਰੀਆਂ ਨੂੰ ।

------0------

## 4. ਭਾਲ਼

ਰੂਹ ਨੂੰ ਦੇਵੇ ਸਕੂਨ ਖ਼ਬਰ ਉਹ ਅਖ਼ਬਾਰ ਨਹੀਂ ਮਿਲਿਆ।
ਦੁੱਖ ਦਰਦ ਫਕਿਰ ਤੋਂ ਛੁੱਟੀ ਦਾ ਐਤਵਾਰ ਨਹੀਂ ਮਿਲਿਆ।

ਜ਼ਮੀਰ ਸਰੀਰ ਵਿਕਾਊ ਮਿਲੇ ਹਰ ਗਲੀ ਮੋੜ ਉੱਤੇ ਦੋਸਤੋ,
ਰੂਹ ਨਾ ਰੂਹ ਦਾ ਕਰੇ ਸੌਦਾ ਉਹ ਰੂਹਦਾਰ ਨਹੀਂ ਮਿਲਿਆ।

ਮਤਲਬੀ ਰਿਸ਼ਤਿਆਂ ਨਾਲ ਭਰੀ ਪਈ ਮੰਡੀ ਦੁਨੀਆਂ ਦੀ,
ਆਪਣੇਪਣ ਤੇ ਮੋਹ ਵਾਲਾ ਕੋਈ ਹੱਕਦਾਰ ਨਹੀਂ ਮਿਲਿਆ।

ਹਾਲ ਚਾਲ ਪੁੱਛ ਹੱਥ ਹਿਲਾਉਣ ਵਾਲੇ ਅਣਗਿਣਤ ਐਥੇ,
ਹਾਸਿਆਂ 'ਚੋਂ ਹੰਝੂ ਲੱਭ ਲੈਣ ਵਾਲਾ ਯਾਰ ਨਹੀਂ ਮਿਲਿਆ।

ਦਮ ਘੁੱਟ ਗਿਆ ਭਰੋਸੇ ਦਾ ਫਸ ਲਾਰਿਆਂ ਦੇ ਜਾਲ 'ਚ,
ਆਖਰੀ ਸਾਹ ਤੱਕ ਨਿਭ ਜਾਵੇ ਇਕਰਾਰ ਨਹੀਂ ਮਿਲਿਆ।

ਲਿਪੇ ਪੋਚੇ ਨਕਲੀ ਮੁੱਖੜੇ ਪਰ ਫਿਰਨ ਮੁਰਝਾਏ ਮੁਰਝਾਏ,
ਚਮਕੇ ਨੂਰ ਅਗੰਮੀ ਜਿਸ 'ਤੇ ਰੁਖ਼ਸਾਰ ਨਹੀਂ ਮਿਲਿਆ।

ਝਬਾਲ ਬੁੱਤ ਤਰਾਸ਼ ਨੇ ਇੱਕ ਤੋਂ ਇੱਕ ਵੱਧ ਕੇ ਇੱਥੇ ਪਰ,
ਲਾਹ ਦੇਵੇ ਮੁੱਖ ਤੋਂ ਨਕਾਬ ਝੂਠੇ ਔਜ਼ਾਰ ਨਹੀਂ ਮਿਲਿਆ।

## 5. ਉਖੜਨ ਕਿਨਾਰੇ

ਝੱਲ ਨਾ ਹੋਵੇ ਤੁਫਾਨਾਂ ਨੂੰ, ਉਖੜਨ ਕਿਨਾਰੇ ਬੈਠੇ ਹਾਂ।
ਬੂਟਾ ਸੁੱਕਾ ਮੁਹੱਬਤ ਦਾ, ਐਵੇਂ ਕੱਖ ਖਿਲਾਰੇ ਬੈਠੇ ਹਾਂ।

ਲੰਘੀ ਏ ਰੁੱਤ ਬਸੰਤ ਦੀ, ਪਰ ਪੱਤ ਨਾ ਫੁੱਟੇ ਆਸਾਂ ਦੇ,
ਮੱਚ ਜਾਵੇ ਬਾਲਣ ਹੱਡੀਆਂ ਦਾ,ਅੱਗ ਦੁਆਰੇ ਬੈਠੇ ਹਾਂ।

ਝੂਠੀ ਆਸ ਵੀ ਨਾ ਦੇਵੇ ਹੁਣ ਝੂਠਾ ਧਰਵਾਸ ਦਿਲ ਨੂੰ,
ਸੱਚ ਸਾਹਮਣੇ ਤਾਂ ਸੱਜਣਾ ਅਸੀਂ ਕਦ ਤੋਂ ਹਾਰੇ ਬੈਠੇ ਹਾਂ।

ਲੰਘਦੇ ਵੜਦੇ ਬਿੜਕ ਲੈਣ ਲਈ ਹੋ ਜਾਂਦਾ ਸੀ ਮਜਬੂਰ,
ਉਂਝ ਤਾਂ ਤੇਰੇ ਸ਼ਹਿਰੋਂ ਦੂਰ ਅਸੀਂ ਕਰੀ ਗੁਜ਼ਾਰੇ ਬੈਠੇ ਹਾਂ।

ਪਤੈ ਹੋਣਾ ਨਹੀਂ ਜ਼ਿਕਰ ਫ਼ਿਕਰ ਮੇਰਾ ਤੇਰੇ ਖਿਆਲਾਂ 'ਚ,
ਫਿਰ ਵੀ ਤੈਨੂੰ ਮੰਨ ਆਪਣਾ ਦੁਨੀਆਂ  ਨਕਾਰੇ ਬੈਠੇ ਹਾਂ।

ਤੇਰੇ ਬੁੱਲ੍ਹਾਂ 'ਚੋਂ ਜੋ ਨਿਕਲੇ ਹਰਫ਼ ਨਿਰੀ ਬੂੰਦ ਸਵਾਂਤ ਦੀ,
ਮਿਲ ਜਾਵੇ ਜੇ ਮੁਕਤੀ ਇੱਕ ਤੇਰੀ ਦੀਦ ਸਹਾਰੇ ਬੈਠੇ ਹਾਂ।

ਝਬਾਲ ਨੇ ਵੇਖਿਆ ਏ ਸਿਰਫ਼ ਜਿਉਂਦੇ ਪੁਤਲਾ ਮਾਸ ਦਾ,
ਪਰ ਕੀ ਜਾਣੇ ਕਿ ਰੂਹ ਨੂੰ ਆਪਣੇ ਹੱਥੀਂ ਮਾਰੇ ਬੈਠੇ ਹਾਂ।

# ਘੱਟ ਉਮਰ ਵਿੱਚ ਬਹੁਤੇ ਕੰਮ ਕਰਨ ਵਾ਼ਲਾ ਹਰਕੀਰਤ ਸਿੰਘ 'ਕੀਰਤ'

**# 8968421337**



32 ਸਾਲ ਦੀ ਉਮਰ ਵਿੱਚ ਪੰਜ ਕੰਪਨੀਆਂ ਦੇ ਕੰਮ-ਕਾਰ ਵਿੱਚ ਹੱਥ ਅਜ਼ਮਾਉਣ ਵਾਲ਼ੇ ਨੌਜਵਾਨ ਕਵੀ ਗਿਆਨੀ ਹਰਕੀਰਤ ਸਿੰਘ 'ਕੀਰਤ' ਦਾ ਜਨਮ ਗੁਰੂ ਨਗਰੀ ਤਰਨਤਾਰਨ ਵਿੱਚ 26.02.1992 ਨੂੰ ਸ੍ਰ. ਸ਼ਵਰਨ ਸਿੰਘ ਅਤੇ ਸ੍ਰੀ ਮਤੀ ਜੁਗਿੰਦਰ ਕੌਰ ਦੇ ਘਰ ਹੋਇਆ।ਮੁਢਲੀ ਸਿੱਖਿਆ ਗੁਰਦੁਆਰਾ ਭਗਤ ਨਾਮਦੇਵ ਜੀ ਸਕੂਲ ਤੋਂ, ਬਾਰ੍ਹਵੀਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਸੀ: ਸੈਕੰਡਰੀ ਸਕੂਲ ਤਰਨਤਾਰਨ ਤੋਂ, ਬੀ.ਏ. ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਤਰਨਤਾਰਨ ਤੋਂ, ਗਿਆਨੀ ਪ੍ਰਾਈਵੇਟ ਤੌਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਅਤੇ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ ਐਸ.ਐਸ.ਏ. ਐਜੂਕੇਸ਼ਨ ਸੈਂਟਰ ਤਰਨਤਾਰਨ ਤੋਂ ਪਾਸ ਕੀਤਾ।

ਉਕਤ ਵਿਦਿਆ ਪ੍ਰਾਪਤ ਕਰਨ ਪਿੱਛੋਂ ਹਰਕੀਰਤ ਨੂੰ ਰੋਜ਼ਗਾਰ ਦੀ ਮੰਡੀ ਵਿੱਚ ਭੱਜ-ਦੌੜ ਕਰਨੀ ਪਈ।ਉਹਨੇ 2011 ਤੋਂ 2013 ਤੱਕ ਗੁਰੂ ਨਾਨਕ ਮਕੈਨੀਕਲ ਵਰਕਸ ਵਿੱਚ ਕੈਸ਼ੀਅਰ ਵਜੋਂ, 2014 ਤੋਂ 2015 ਤੱਕ ਖਡੂਰ ਸਾਹਿਬ ਵਿਖੇ ਏਜੰਸੀ ਦੇ ਫੋਰਮੈਨ ਵਜੋਂ, 2016 ਤੋਂ 2019 ਤੱਕ 3 ਸਾਲ ਐਸ. ਓ. ਜ਼ਾਲਟਾ ਫੂਡ ਐਂਡ ਬ੍ਰੀਵਰੈਜ ਕੰਪਨੀ ਵਿੱਚ ਪੀ.ਐਸ.ਆਰ. ਤੋਂ ਐਸ. ਓ. ਤੱਕ ਦਾ ਸਫ਼ਰ ਤਹਿ ਕੀਤਾ।ਕਰੋਨਾ ਕਾਲ ਵਿੱਚ ਛਾਂਟੀ ਦੀ ਸਜ਼ਾ ਭੁਗਤ ਕੇ 2020 ਤੋਂ 2023 ਤੱਕ ਟਾਟਾ ਕਰੋਮਾ ਕੰਪਨੀ ਵਿੱਚ ਜ਼ਿਲ੍ਹਾ ਇਨਚਾਰਜ ਦੇ ਤੌਰ ਤੇ ਕੰਮ ਕੀਤਾ ਅਤੇ ਹੁਣ ਪਿਛਲੇ ਸਾਲ ਤੋਂ google pay ਕੰਪਨੀ ਵਿੱਚ ਕਸਟਮਰ ਸਰਵਿਸ ਸਪੈਸ਼ਲਿਸਟ ਵਜੋਂ ਕੰਮ ਕਰਕੇ ਆਪਣੀ ਗ੍ਰਹਿਸਥੀ ਚਲਾ ਰਿਹਾ ਹੈ।

ਉਸ ਦਾ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸਾਹਿਤ ਨਾਲ ਡੂੰਘਾ ਲਗਾਉ ਹੈ।ਉਹ

ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਤਰਨਤਾਰਨ ਨਾਲ ਚਿਰਾਂ ਤੋਂ ਜੁੜਿਆ ਹੋਇਆ ਹੈ।ਇਸ ਦੇ ਸਮਾਗਮਾਂ ਵਿੱਚ ਹਾਜ਼ਰ ਹੋ ਕੇ ਆਪਣੀਆਂ ਰਚਨਾਵਾਂ ਪੇਸ਼ ਕਰਦਾ ਹੇ।ਉਹ ਕਦੇ ਕਦੇ ਕਹਾਣੀ, ਕਵਿਤਾ ਜਾਂ ਗੀਤ ਲਿਖਦਾ ਹੈ।ਆਰਥਿਕ ਮਜਬੂਰੀਆਂ ਦੇ ਸਨਮੁਖ ਨਿੱਜੀ ਤੌਰ ਤੇ ਉਹਨੇ ਅਜੇ ਕੋਈ ਪੁਸਤਕ ਨਹੀਂ ਛਪਵਾਈ। ਸੁਰ ਸਾਝੀ ਪਬਲੀਕੇਸ਼ਨ ਵੱਲੋਂ ਛਾਪੇ ਸਾਝੇ ਕਾਵਿ-ਸੰਗਘਿਹਿ ਵਿੱਚ ਉਹਦੀਆਂ ਕੁਝ ਕਵਿਤਾਵਾਂ ਛਪੀਆ ਸਨ।ਇਸ ਵੇਲ਼ੇ ਉਹ ਆਪਣੀ ਪਤਨੀ ਅਮਨਦੀਪ ਅਤੇ 5 ਸਾਲ ਦੀ ਬੇਟੀ ਮਨਕੀਰਤ ਕੌਰ ਨਾਲ ਗਲ਼ੀ ਮਾਤਾ ਲੱਛੋ ਵਾਲ਼ੀ, ਮੁਹੱਲਾ ਟਾਂਕ ਕਸ਼ੱਤਰੀ, ਤਰਨਤਾਰਨ ਵਿਖੇ ਪਰਿਵਾਰਕ ਖ਼ੁਸ਼ੀਆਂ ਮਾਣ ਰਿਹਾ ਹੈ।

**ਜ. ਸ. ਮਾਣੋਚਾਹਲ**

ਹਰਕੀਰਤ ਦੀ ਕਲਮ ਤੋਂ ਕੁਝ ਕਵਿਤਾਵਾਂ :-

# 1. ਇਸ ਦੀਵਾਲ਼ੀ

ਇਸ ਦੀਵਾਲ਼ੀ ਸੁੰਨੀਆਂ ਗਲ਼ੀਆਂ,
ਖ਼ਾਲੀ ਪਈਆਂ ਰਾਹਾਂ ਨੇ।
ਜਿਨ੍ਹਾਂ ਨੇ ਪੁੱਤ ਬਾਹਰ ਘਲਾਏ,
ਉਡੀਕ 'ਚ ਬੈਠੀਆਂ ਮਾਂਵਾਂ ਨੇ।
ਪੁੱਤ ਵੀ ਘਰੀਂ ਮੁੜਨ ਲਈ ਤਰਸਣ,
ਜਿਨ੍ਹਾਂ ਦੇ ਸਿਰ ਨਾ ਛਾਂਵਾਂ ਨੇ।
ਇਸ ਦੀਵਾਲ਼ੀ...............................

ਬੱਚੇ ਜਿੱਥੇ ਖ਼ਰੂਦ ਸੀ ਪਾਉਂਦੇ,
ਹੱਸ ਖੇਡ ਮਸਤੀ ਸੀ ਕਰਦੇ।
ਹੌਕੇ ਇਕ ਦੂਜੇ ਲਈ ਭਰਦੇ,
ਇਕ ਦੂਜੇ ਨੂੰ ਪਿਆਰ ਸੀ ਕਰਦੇ।
ਨਾ ਉਵੇਂ ਦੀ ਮੁਹੱਬਤ ਰਹਿ ਗਈ,
ਨਾ ਰਹੀਆਂ ਸਾਂਝੀਆਂ ਥਾਂਵਾਂ ਨੇ।
ਇਸ ਦੀਵਾਲ਼ੀ...................................

ਗਲ਼ੀਆਂ ਦੇ ਵਿੱਚ ਖੇਡੇ ਕੋਈ ਨਾ,

ਵੇਖ ਦੂਜੇ ਨੂੰ ਖ਼ੁਸ਼ੀ ਕੋਈ ਨਾ।
ਕੋਠੀਆਂ ਜਾਂ ਘਰਾਂ 'ਚ ਵੜ ਕੇ,
ਰਹਿੰਦੇ ਆਪੋ ਦੇ ਵਿੱਚ ਲੜਦੇ।
ਅੱਗੇ ਵਧਦਾ ਦੇਖ ਕੇ ਕਿਸੇ ਨੂੰ,
ਹਈ ਸ਼ਾਵਾ ਕਹਿਣ ਬਲਾਵਾਂ ਨੇ।
ਇਸ ਦੀਵਾਲ਼ੀ................................

ਪਿਆਰ ਕੋਈ ਕਰਦਾ ਨਹੀਂ ਆ,
ਅਪਣੱਤ ਵਾਲ਼ਾ ਮੀਂਹ ਵਰ੍ਹਦਾ ਨਹੀਂ ਆ।
ਲੁਕ ਛਿਪ ਕੇ ਹੀ ਵਾਰ ਨੇ ਕਰਦੇ,
ਕੋਈ ਹਿੱਕ 'ਚ ਵੱਜ ਕੇ ਮਰਦਾ ਨਹੀਂ ਆ।
ਬੱਚਿਆਂ ਨੂੰ ਜੋ ਪਿਆਰ ਸਿਖਾਵਣ,
ਓਹੋ ਜਿਹੀਆਂ ਨਾ 'ਕੀਰਤ' ਹੁਣ ਮਾਂਵਾਂ ਨੇ।
ਇਸ ਦੀਵਾਲ਼ੀ ਸੁੰਨੀਆਂ ਗਲ਼ੀਆਂ,
ਖ਼ਾਲੀ ਪਈਆਂ ਰਾਹਵਾਂ ਨੇ।

## 2. ਇਸ ਵੈਸਾਖੀ

ਦੇਸ਼ ਮੇਰੇ ਦੇ ਖ਼ੇਤਾਂ ਵਿੱਚ ਲਹਿਰ੍ਹਾਉਂਦਾ ਸੋਨਾ,
ਪਰ ਇਸ ਵੇਲ਼ੇ ਹੈ ਖ਼ੁਸ਼ੀਆਂ ਤੋਂ ਖ਼ਾਲੀ ਹਰ ਕੋਨਾ।
ਇਸ ਵਾਰ ਰੱਬਾ ਤੂੰ ਐਸੀ ਮਿਹਰ ਕਰਦੇ,
ਕਿ ਇਸ ਵੈਸਾਖੀ ਹਰ ਘਰ ਖ਼ੁਸ਼ੀਆਂ ਨਾਲ਼ ਭਰਦੇ।

ਆ ਜਾਏ ਖ਼ੁਸ਼ੀ ਮੇਰੇ ਕਿਸਾਨਾਂ ਦੇ ਮੁੱਖ ਤੇ,
ਦੂਰ ਹੋ ਜਾਣ ਸਭ ਮੁਸ਼ਕਿਲਾਂ ਤੇ ਦੁੱਖ ਜੇ।
ਕੁਝ ਅਜਿਹੀ ਇਨਾਇਤ ਰੱਬਾ ਇਸ ਵਾਰ ਕਰ ਦੇ,
ਕਿ ਇਸ ਵੈਸਾਖੀ ਹਰ ਘਰ ਖ਼ੁਸ਼ੀਆਂ ਨਾਲ਼ ਭਰ ਦੇ।

ਕੋਈ ਘਰ ਨਾ ਭੁੱਖਾ ਸੌਂਵੇਂ ਹਰ ਇੱਕ ਜੀਅ ਨੂੰ ਰੱਜਵਾਂ ਦੇਵੀਂ,
ਕੋਈ ਨਾ ਰੋਵੇ ਬੱਚੇ ਖ਼ਾਤਰ, ਐਸਾ ਇੱਕ ਤੂੰ ਫ਼ਤਵਾ ਦੇਵੀਂ।
ਰਹਿਮਤ ਆਪਣੀ ਕਰਕੇ ਦਾਤਾ, ਸਭ ਕੁਝ ਤੂੰ ਸਲਾਮਤ ਕਰਦੇ।
ਕਿ ਇਸ ਵੈਸਾਖੀ....................................

ਅੰਨ ਧਨ ਦੇ ਭਰੇ ਭੰਡਾਰੇ ਰੱਖੀਂ, ਦੁੱਖ ਮੁਸੀਬਤਾਂ ਪਰ੍ਹੇ ਹੀ ਰੱਖੀਂ।
ਖ਼ੁਸ਼ੀਆਂ ਵਾਲ਼ੇ ਰੁੱਖ ਜੋ ਲਾਏ, ਉਹਨਾਂ ਨੂੰ ਤੂੰ ਹਰੇ ਹੀ ਰੱਖੀਂ।
ਖ਼ੇਤਾਂ ਵਿੱਚ ਜੋ ਬੀਜਿਆ 'ਕੀਰਤ' ਦੂਣਾ ਚੌਣਾ ਝਾੜ ਤੂੰ ਕਰ ਦੇ।
ਕਿ ਇਸ ਵੈਸਾਖੀ..................

ਕੋਈ ਬਾਲ ਨਾ ਰੋਵੇ ਮਾਂ ਲਈ, ਸਭ ਦਾ ਬਾਪ ਸਲਾਮਤ ਹੋਵੇ,
ਮਾਂ-ਪਿਓ ਕੋਲ਼ੇ ਪੁੱਤਰ-ਧੀਆਂ ਵਰਗੀ, ਕੋਈ ਨਿਆਮਤ ਹੋਵੇ।
ਮੇਰੀ ਇਹ ਅਰਦਾਸ ਤੂੰ ਮੌਲ਼ਾ ਸੁਪਨਾ ਮੇਰਾ ਪੂਰਾ ਕਰ ਦੇ।
ਕਿ ਇਸ ਵੈਸਾਖੀ............................

------------0-------------

## 3. ਕਰਵਾ

ਓਹ ਧੀ ਕਿ ਕਰਵਾ ਧਰੇ ਵਿਚਾਰੀ,
ਜਿਸਦੀ ਮਾਂ ਹੋਵੇ ਪਿਓ ਨੇ ਮਾਰੀ।
ਰੱਖਦੀ ਸੀ ਵਰਤ,
ਸਿਰ ਦੇ ਸਾਈਂ ਦੀ ਲੰਬੀ ਉਮਰ ਲਈ ਜੋ,
ਤਰਸ ਨਾ ਕੀਤਾ ਜ਼ੁਲਮੀ ਨੇ ,
ਧੀ ਸਾਹਮਣੇ ਸੱਟ ਸਿਰ ਤੇ ਮਾਰੀ,
ਕੀ ਫਿਰ ਓਹ ਧੀ ਕਦੇ ਕਰਵਾ ਧਰੂ ਵਿਚਾਰੀ,
ਕਿ ਓਹ ਕਰਵਾਂ ਕਰੂ ਵਿਚਾਰੀ।

ਓਹ ਪਤਨੀ ਕੀ ਕਰਵਾ ਧਰੇ ਵਿਚਾਰੀ,
ਜਿਸਦੀ ਮੱਤ ਵੀ ਖ਼ਸਮ ਨੇ ਮਾਰੀ,
ਅਧੀਆ ਡੱਫ ਕੇ ਬਾਹਰੋਂ ਆਵੇ,
ਕਮਾਈ ਜੂਏ ਵਿਚ ਉਡਾਵੇ,
ਜਿਸਮ ਵੇਚ ਗੁਜ਼ਾਰਾ ਕਰੇ ਵਖ਼ਤਾਂ ਦੀ ਮਾਰੀ,
ਕੀ ਓਹ ਪਤਨੀ ਫਿਰ ਕਰਵਾ ਕਰੂ ਵਿਚਾਰੀ,
ਕੀ ਓਹ ਕਰਵਾ ਕਰੂ ਵਿਚਾਰੀ।

ਪ੍ਰੇਮਿਕਾ ਵਰਤ ਕਰੇ ਪ੍ਰੇਮੀ ਦੀ ਯਾਰੀ,
ਹਮ ਬਿਸਤਰ ਹੋਵੇ ਮਜ਼ਬੂਰੀ 'ਚ ਪਿਆਰੀ,
ਕਰਕੇ ਗਰਭਵਤੀ ਲੱਤ ਪੇਟ 'ਚ ਮਾਰੀ,
ਕੀਤੀਆਂ ਵਫ਼ਾਵਾ ਦੀ ਇਹ ਕੀ ਸਜ਼ਾ ਦੇ ਮਾਰੀ,
ਕੀ ਓਹ ਪ੍ਰੇਮਿਕਾ ਫਿਰ ਕਰਵਾਂ ਧਰੂ ਵਿਚਾਰੀ,
ਕੀ ਓਹ ਕਰਵਾ ਕਰੂ ਵਿਚਾਰੀ।

ਓਹ ਗ਼ਰੀਬਣੀ ਵਿਚਾਰੀ ਕਰਵਾ ਕੀਂ ਕਰੇ,
ਜੋ ਰਾਤ ਗੁਜ਼ਾਰੇ ਤਾਰਿਆਂ ਦੇ ਤਲੇ,
ਕਈ ਮਰਦ ਮਿਟਾਕੇ ਹਵਸ ਗਏ ਚਲੇ,
ਇਹਨਾਂ ਮਜ਼ਬੂਰੀਆਂ ਦਾ ਓਹ ਕੀ ਕਰੇ,
ਅੰਤ ਹਾਰ ਗਈ "ਕੀਰਤ" ਓਹ ਜ਼ਿੰਦਗੀ ਦੀ ਵਾਰੀ,
ਕੀ ਓਹ ਕਰਵਾ ਧਰੇ ਵਿਚਾਰੀ।
ਕੀ ਓਹ ਕਰਵਾ ਕਰੇ ਵਿਚਾਰੀ।

## 4. ਕੁਰਸੀ ਦੇ ਲਾਲਚੀਆਂ ਦੇ ਕਾਰਨਾਮੇ

ਕੁਰਸੀ ਦੇ ਲਾਲਚ ਮੁਲਕ ਵੰਡਾਏ,
ਪਰ ਵੰਡ ਮੇਰਾ ਪੰਜਾਬ ਹੋਇਆ।
ਲੀਡਰਾਂ ਨੇ ਘਰ ਜਸ਼ਨ ਮਨਾਏ,
ਘਰ ਮੇਰਾ ਸ਼ਮਸ਼ਾਨ ਹੋਇਆ।
ਕੁਰਸੀ ਵਾਲਿਆਂ ਮੁਲਕ ਵੰਡਾਏ,
ਪਰ ਵੰਡ ਮੇਰਾ ਪੰਜਾਬ ਹੋਇਆ।

ਚੀਚੀ ਉਂਗਲ ਦਾ ਲਹੂ ਨਾ ਦਿੱਤਾ,
ਗੱਲ ਮੇਰੇ ਫਾਂਸੀ ਫਾਹ ਹੋਇਆ।
ਮੈਂ ਪੰਜਾਬ ਗੁਰਾਂ ਦਾ ਜਾਇਆ,
ਅੱਜ ਜ਼ਰਾ ਜ਼ਰਾ ਦੇਖ ਰੋਇਆ।
ਕੁਰਸੀ ਵਾਲਿਆਂ ਮੁਲਕ ਵੰਡਾਏ,
ਪਰ ਵੰਡ ਮੇਰਾ ਪੰਜਾਬ ਹੋਇਆ।

ਮੇਰੇ ਪੁੱਤਰ ਲੰਮ ਸੁ ਲੰਮੇ,
ਸੱਤ ਸੱਤ ਫੁੱਟੇ ਗ਼ਜ਼ ਚੌੜੇ ।
ਬਾਰਡਰ ਦੀ ਰਾਖੀ ਕਰਦੇ ਵਾਰੀ,
ਨਾ ਪੁੱਛ ਜੋ ਓਹਨਾ ਨਾਲ ਹੋਇਆ ।
ਕੁਰਸੀ ਵਾਲਿਆਂ ਮੁਲਕ ਵੰਡਾਏ,
ਪਰ ਵੰਡ ਮੇਰਾ ਪੰਜਾਬ ਹੋਇਆ ।

ਨਾਲ ਨਸ਼ਿਆਂ ਦੇ ਜਵਾਨੀ ਮਰ ਗਈ,
ਨਾਲੀਆਂ ਦੇ ਵਿਚ ਡਿੱਗੇ ।
ਲਾਲੀ ਉੱਡੀ ਚਿਹਰੇ ਤੋਂ,
ਤੇ ਜੁੱਸਿਆਂ ਜ਼ੋਰ ਗਵਾਇਆ ।
ਕੁਰਸੀ ਵਾਲਿਆਂ ਮੁਲਕ ਵੰਡਾਏ,
ਪਰ ਵੰਡ ਮੇਰਾ ਪੰਜਾਬ ਹੋਇਆ ।

ਬਚ ਗਏ ਜੋ ਪੁੱਤ ਮਾਪਿਆਂ ਦੇ,
ਪੜ੍ਹ ਕੇ ਚੜ੍ਹ ਗਏ ਜਹਾਜੇ ।
ਰੁਲਦੇ ਪਿੱਛੇ ਮਾਪੇ ਰਹਿ ਗਏ,
"ਕੀਰਤ" ਇਕੱਲਿਆਂ ਬਹਿ ਕੇ ਰੋਇਆ ।
ਕੁਰਸੀ ਦੇ ਵਾਲਿਆਂ ਮੁਲਕ ਵੰਡਾਇਆ,
ਪਰ ਵੰਡ ਮੇਰਾ ਪੰਜਾਬ ਹੋਇਆ।

# ਇਟਲੀ ਵਿਚ ਪੰਜਾਬੀ ਨਾਲ ਜੁੜਿਆ ਨੌਜਵਾਨ ਸ਼ਾਇਰ ਪ੍ਰਭਜੀਤ ਚਾਹਲ

**#393382222832**



ਨੌਜਵਾਨ ਪੰਜਾਬੀ ਸ਼ਾਇਰ ਪ੍ਰਭਜੀਤ ਸਿੰਘ ਚਾਹਲ ਮਾਸਟਰ ਜਸਵਿੰਦਰ ਸਿੰਘ ਮਾਣੋਚਾਹਲ ਦਾ ਭਤੀਜਾ ਹੈ ਜੋ ਵਿਦੇਸ਼ੀ ਧਰਤੀ ਤੇ ਰਹਿੰਦਾ ਹੋਇਆ ਜਿੱਥੇ ਆਪਣੇ ਮਾਂ-ਬਾਪ ਦੀ ਆਰਥਿਕਤਾ ਨੂੰ ਹੁਲਾਰਾ ਦੇ ਰਿਹਾ ਹੈ ਉਥੇ ਆਪਣੀ ਮਾਂ-ਬੋਲੀ ਪੰਜਾਬੀ ਦਾ ਵੀ ਕਰਜ਼ ਉਤਾਰ ਰਿਹਾ ਹੈ।ਉਸ ਦਾ ਜਨਮ ਸ੍ਰ. ਬਲਦੇਵ ਸਿੰਘ ਸਰਕਾਰੀਆ ਦੇ ਘਰ ਮਾਤਾ ਸ੍ਰੀ ਮਤੀ ਅਮਰੀਕ ਕੌਰ ਦੀ ਕੁਖੋਂ 18.03.1994 ਨੂੰ ਪਿੰਡ ਮਾਣੋਚਾਹਲ ਕਲਾਂ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ।ਮੁਢਲੀ ਪੜ੍ਹਾਈ ਉਹਨੇ ਪਿੰਡ ਦੇ ਸਰਕਾਰੀ ਸਕੂਲਾਂ ਤੋਂ ਅਤੇ ਗ੍ਰੈਜੂਏਸ਼ਨ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਕਾਲਜ ਤਰਨਤਾਰਨ ਤੋਂ ਕੀਤੀ।ਉਪ੍ਰੰਤ ਕੋਈ ਰੋਜ਼ਗਾਰ ਨਾ ਮਿਲਦਾ ਵੇਖ ਕੇ ਉਹ ਹੋਰ ਪੰਜਾਬੀ ਗੱਭਰੂਆਂ ਦੀ ਵੇਖਾ-ਵੇਖੀ ਔਖਾ-ਸੌਖਾ ਹੋ ਕੇ ਵਿਦੇਸ਼ ਉਡਾਰੀ ਮਾਰ ਗਿਆ ਅਤੇ ਤਾਨਾਸ਼ਾਹ ਮੁਸੋਲੀਨੀ ਦੇ ਦੇਸ਼ ਇਟਲੀ ਪਹੁੰਚ ਗਿਆ।ਪਿਛਲੇ 6-7 ਸਾਲ ਤੋਂ ਉਹ ਇਟਲੀ ਦੇ ਖੇਤਾਂ ਵਿੱਚ ਪੈਕਿੰਗ ਅਤੇ ਮਾਰਕੀਟ ਸਟੋਰਾਂ ਦੇ ਕੰਮਾਂ ਨਾਲ ਜੁੜਿਆ ਹੋਇਆ ਹੈ।

ਵਿਦੇਸ਼ਾਂ ਦੀ ਮੁਸ਼ੱਕਤ-ਭਰੀ ਜ਼ਿੰਦਗੀ ਵਿਚ ਰੰਗ ਭਰਨ ਲਈ ਉਹ ਲਗਾਤਾਰ ਪੰਜਾਬੀ ਕਵਿਤਾ ਦੇ ਵਿਹੜੇ ਵਿਚ ਖੇਡ ਰਿਹਾ ਹੈ ਅਤੇ ਵੰਨ-ਸੁਵੰਨੀਆਂ ਕਵਿਤਾਵਾਂ ਲਿਖਣ ਅਤੇ ਸਾਹਿਤਕ ਸਰਗਰਮੀਆਂ ਵਿਚ ਕ੍ਰਿਆਸ਼ੀਲ ਰਹਿੰਦਾ ਹੈ।ਉਸ ਦੀਆਂ ਕਵਿਤਾਵਾਂ ਜਜ਼ਬਾਤਾਂ ਸੰਗ ਬਾਤਾਂ, ਜਰਖ਼ੇਜ਼ ਇਬਾਰਤਾਂ, ਤੇਰੇ ਬਾਰੇ, ਨਵੀਂ ਛਪ ਰਹੀ ਕਾਵਿ-ਰਾਬਤਾ, ਪੰਜਾਬੀ ਨਾਉਂ ਦੇ ਟੀ ਵੀ ਨਿਊਜ਼ ਤੇ ਪੈਗ਼ਾਮ-ਏ-ਨਾਮਾ ਵਰਗੇ ਕੁਝ ਸਾਂਝੇ ਕਾਵਿ-ਸੰਗ੍ਰਹਿਆਂ ਦੀਆਂ ਸ਼ਿੰਗਾਰ ਬਣਦੀਆਂ ਹਨ।ਅਸੀਂ ਉਹਨੂੰ ਇਸ ਸਾਹਿਤਕ ਗੁਲਦਸਤੇ ਵਿੱਚ ਵੀ ਸ਼ਾਮਲ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।ਉਸ ਦੀ ਸ਼ਾਦੀ ਅਜੇ ਨਹੀਂ

ਹੋਈ।ਪਿਤਾ ਸਾਬਕਾ ਫੌਜੀ ਅਤੇ ਵੱਡਾ ਭਰਾ ਲਵਦੀਪ ਸਿੰਘ ਭਾਰਤੀ ਫ਼ੌਜ ਵਿੱਚ ਸੈਨਕ ਹੈ।ਉਸ ਨੂੰ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ।

**ਜਸਵਿੰਦਰ ਸਿੰਘ ਢਿੱਲੋਂ**

ਪੇਸ਼ ਹਨ ਵੰਨਗੀ ਮਾਤਰ ਕੁਝ ਰਚਨਾਵਾਂ :

## 1. ਮਿਹਨਤ, ਮੁਹੱਬਤ, ਮਾਪੇ

ਪਿਆਰ ਦੇ ਵਪਾਰੀ ਕਦੇ ਹਾਰਾਂ ਨਹੀਓਂ ਮੰਨਦੇ,
ਮੁੱਲ ਇੱਕ ਦਿਨ ਪੈਂਦੇ ਲੋਕੋ ਜਿੰਨਾਂ ਦੇ ਕੰਮ ਦੇ।

ਸੌਖੀ ਨੀ ਕਮਾਈ, ਹੱਡ ਤੋੜ ਪੈਂਦੀ ਕਰਨੀ,
ਯਾਰੀਆਂ ਪੁਗਾਉਣ ਲਈ ਹਾਮੀ ਪੈਂਦੀ ਭਰਨੀ।

ਅੰਬਰਾਂ ਨੂੰ ਹੱਥ ਇੱਕ ਦਿਨ ਲੱਗਦਾ ਜ਼ਰੂਰ ਏ,
ਏਥੇ ਹੀ ਮਿਲ ਜਾਂਦਾ, ਕਹਿੰਦੇ ਰੱਬ ਬਹੁਤੀ ਦੂਰ ਏ।

ਬੇਬੇ ਬਾਪੂ ਦੇ ਕਦਮਾਂ 'ਚ ਜੰਨਤ ਏ ਜੱਗ ਦੀ,
ਏਸੇ ਕਰਕੇ ਲੋਕੋ ਮਾਂ ਰੱਬ ਵਾਂਗੂੰ ਲੱਗ ਦੀ।

ਮਾਂਵਾਂ ਨਾਲ ਦੁਨੀਆਂ ਤੇ ਮੌਜਾਂ ਜਾਣ ਮਾਣੀਆਂ,
ਮਾਂਵਾਂ ਬਾਝੋਂ ਦਰਦਾਂ ਨਾਲ਼ ਭਰ ਜਾਣ ਕਹਾਣੀਆਂ।

ਪਿਆਰ ਨੂੰ ਐਵੇਂ ਤੁਸੀਂ ਵਪਾਰ ਬਣਾਓ ਨਾ,
ਜਿਸਮਾਂ ਦੀ ਲਪੇਟ ਚ ਰੂਹਾਂ ਤੜਫਾਓ ਨਾ।

ਰੂਹਾਂ ਵਾਲੀ ਪੀੜ ਦਿੰਦੀ ਆ ਝੰਜੋੜ ਭਾਈ,
'ਚਾਹਲ' ਨਾ ਐਵੇਂ ਦਿਲ ਤੂੰ ਤੋੜ ਭਾਈ।

## 2. ਤਾਇਆ

ਘਰ ਦੇ ਵਿੱਚ ਬੋਹੜ ਦੇ ਵਰਗਾ, ਦਾਦੇ ਦਾਦੀ ਦਾ ਜਾਇਆ।
ਤਾਰਿਆਂ ਦੀ ਲੈਅ ਚਾਦਰ ਸਾਉਂਦਾ, ਕੁਝ ਦੁੱਖਾਂ ਦਾ ਸਤਾਇਆ।
ਖੇਤਾਂ ਦੇ ਵਿੱਚ ਮਿਹਨਤ ਕੀਤੀ, ਤੜ੍ਹਕੇ ਉੱਠ ਹਲ ਵਾਹਿਆ।
ਸਾਰੀ ਉਮਰੇ ਕਿਰਤ ਕਰੀ, ਨਿੱਕੇ ਭਾਈਆਂ ਨੂੰ ਪੜਾਇਆ।
ਤੜਕੇ ਉਠ ਕੇ ਨੰਗੇ ਪੈਰੀਂ, ਹੱਥ ਪੱਲੀ ਦਾਤੀ ਨੂੰ ਪਾਇਆ।
ਜੁੱਗ ਜੁੱਗ ਉਮਰਾਂ ਤੂੰ, ਤੇਰੇ ਸਦਕੇ ਜਾਵਾਂ ਤਾਇਆ।

## 3. ਅੰਨਦਾਤਾ

ਸਾਡੇ ਹੱਥਾਂ ਵਿਚ ਦਾਤੀ ਤੇ
ਪੈਰਾਂ ਵਿੱਚ ਬਿਆਈਆਂ ਹੋਣਗੀਆਂ।

ਵੱਟਾਂ ਤੇ ਫਿਰਦੇ ਕਦੇ
ਚੱਪਲਾਂ ਨਾ ਜੇਠ ਮਹੀਨੇ ਪਾਈਆ ਹੋਣਗੀਆਂ।

ਜਿਸ ਪਹਿਰ ਲੋਕ ਸੌਂ ਜਾਂਦੇ ਸਾਰੇ,
ਸਾਨੂੰ ਨੀਂਦਰਾਂ ਨਾ ਓਸ ਪਹਿਰ ਆਈਆਂ ਹੋਣਗੀਆਂ।

ਰੁਲਦਾ ਮਰ ਜੇ ਨਾ ਅੰਨ ਦਾਤਾ ਕਿਧਰੇ ਚਾਹਲਾ,
ਪਤਾ ਨਹੀਂ ਕਦੋਂ ਸੁਣਵਾਈਆਂ ਹੋਣਗੀਆਂ।

ਸਭ ਦੇ ਚੁੱਲੇ ਮਘਦੇ ਕਰਦਾ,
ਆਪਣੇ ਪਤਾ ਨੀ ਕਦੋਂ ਰੁਸ਼ਨਾਈਆ ਹੋਣਗੀਆਂ?

## 4. ਜ਼ਿੰਦਗੀ ਦੀ ਜੰਗ

ਹਾਲਾਤਾਂ ਨਾਲ ਲੜਨਾ
ਵੀ ਅਨੋਖੀ ਇਕ ਜੰਗ ਏ
ਇਹ ਜੰਗ ਵੀ ਤਾਂ ਦਿਲਾ

ਜ਼ਿੰਦਗੀ ਦਾ ਇਕ ਰੰਗ ਏ।

ਮਾਣਦਾ ਕਿਉਂ ਨੀਂ
ਇਹ ਮੁਹੱਬਤਾਂ ਦੀ ਪੌਣ ਨੂੰ
ਹੋਰ ਚਾਹੀਦਾ ਏ ਕੀ ਦੱਸ
ਤੇਰੇ ਦਿਲਾ ਜਿਊਣ ਨੂੰ।

ਸਾਹਾਂ ਲਈ ਹਵਾ
ਤੇ ਜੇ ਪੀਣ ਲਈ ਪਾਣੀ ਆ
ਤੇਰੇ ਤੋਂ ਚੰਗੀ ਫਿਰ
ਦੱਸ ਕਿਸ ਦੀ ਕਹਾਣੀ ਆ?

ਦੌਰ ਏ ਬੜਾ ਹੀ
ਅਜੀਬ ਪਿਆ ਚੱਲਦਾ
ਬੰਦਾ ਹੁਣ ਬੰਦੇ ਦਾ
ਹਾਸਾ ਨਹੀਂਉਂ ਝੱਲਦਾ।

ਸ਼ੁਕਰ ਮਨਾਇਆ ਕਰ
ਬਹੁਤੇ ਰੋਸ ਨੀਂ ਜਤਾਈ ਦੇ
ਟੁੱਟੇ ਹੋਏ ਰਿਸ਼ਤੇ
ਹੱਥ ਫੜ ਕੇ ਮਨਾਈ ਦੇ।

ਜੰਗ ਜ਼ਿੰਦਗੀ ਦੀ ਮਨਾ
ਆਪਾਂ ਕਦੇ ਨਹੀਂਓਂ ਹਾਰਨੀ
ਪੰਡ ਇਹ ਸ਼ਾਹਾਂ ਦੇ
ਕਰਜ਼ ਦੀ ਉਤਾਰਨੀ।

## 5. ਯਾਦ ਪੰਜਾਬ ਦੇਸ਼ ਦੀ

ਕੱਚੇ ਘਰ ਤੇ ਕਰਜ਼ੇ ਭਾਰੀ
ਵਿੱਚ ਪ੍ਰਦੇਸ਼ੀਂ ਲ਼ੈ ਆਏ।

ਭੁੱਲ ਨਹੀਂ ਹੁੰਦੇ ਬਾਪੂ ਨੇ,
ਖੇਤ ਜੋ ਗਹਿਣੇ ਪਾਏ।

ਪੁੱਤ ਲਾਡਲਾ ਸੀ ਮਾਂ ਦਾ ਇੱਕੋ,
ਤੋਰ ਕੇ ਜਿਸ ਨੂੰ ਰੋਂਦੀ ਸੀ।

ਆਖਰੀ ਪਲ ਚੇਤੇ ਅੱਜ ਵੀ,
ਖੜੀ ਦਰਵਾਜ਼ੇ ਵਿਚ ਹੱਥ ਹਿਲਾਉਂਦੀ ਸੀ।

ਫਲ ਸੁਪਨਿਆਂ ਨੂੰ ਪੈ ਗਿਆ ਏ ਅੱਜ,
ਕਰਜ਼ਾ ਵੀ ਸਿਰੋਂ ਲਹਿ ਗਿਆ ਏ ਅੱਜ।

ਬਾਪੂ ਖੇਤਾਂ ਦੇ ਵਿੱਚ ਵੜਿਆ,
ਜੋ ਟੱਕ ਸੀ ਗਹਿਣੇ ਧਰਿਆ।

ਪੂਰੀਆਂ ਸਭ ਹੋ ਗਈਆਂ ਨੇ,
ਬੇਬੇ ਸੀ ਜੋ ਅਰਦਾਸਾਂ ਕਰਦੀ।

ਬਾਕੀ ਤਾਂ ਸਭ ਖ਼ੈਰ ਦਿਲਾ,
ਇੱਕ ਯਾਦ ਪੰਜਾਬ ਦੀ ਤੰਗ ਕਰਦੀ।